# ਯਸ਼ਵੰਤੀ ਨਿਰਾਧਾਰ

## ਧਾਮ ਪਹਿਲਾ

ਬਾਣੀ

ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ

ਪੰਥ
ਨਾਨਕ

# ਯਸ਼ਵੰਤੀ ਨਿਰਾਧਾਰ

## ਧਾਮ ਪਹਿਲਾ

ਬਾਣੀ

ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ

© ਕਰਤਾ ਦੇ ਸਭ ਹੱਕ ਰਾਖਵੇ ਹਨ

ਯਸ਼ਵੰਤੀ ਨਿਰਾਧਾਰ ਧਾਮ ਪਹਿਲਾ
ਬਾਣੀ ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ
ਪਹਿਲਾ ਐਡੀਸ਼ਨ - ਦਸੰਬਰ 2013

ਪ੍ਰਕਾਸ਼ਕ ਤੇ ਕਰਤਾ
ਸੱਚਖੰਡ ਨਾਨਕ ਧਾਮ
ਇੰਦਰਾਪੁਰੀ,ਲੋਨੀ ਰੋਡ, ਜਿਲਾ ਗਾਜ਼ੀਆਬਾਦ

ਧੰਨ ਨਾਨਕ

# ਦੋ ਸ਼ਬਦ

ਹਜ਼ੂਰ ਮਹਾਰਾਜ ਦਰਸ਼ਨ ਦਾਸ ਜੀ ਦੁਆਰਾ ਯਸ਼ਵੰਤੀ ਨਿਰਾਧਾਰ ਦੀ ਰਚਨਾ, ਪ੍ਰਭੂ ਦੀ ਮਹਿਮਾ ਅਤੇ ਪ੍ਰਸ਼ੰਸਾ ਵਰਨਣ ਕਰਦੀ ਹੈ। ਭਗਤੀ, ਪਿਆਰ, ਦਇਆ ਅਤੇ ਕਰੁਣਾ ਦਾ ਪ੍ਰਤੀਕ ਹੈ ਜੋ ਕਿ ਪ੍ਰਭ ਅਬਿਨਾਸੀ ਦੇ ਵੱਲੋਂ ਸੰਸਾਰ ਵਲ ਆ ਰਹੀ ਹੈ। ਉਸ ਕਰੁਣਾ, ਭਗਤੀ, ਪ੍ਰੇਮ ਦਾ ਵਰਨਣ ਹਜ਼ੂਰ ਮਹਾਰਾਜ ਜੀ ਨੇ ਇਕ ਦਾਸ ਬਣਕੇ, ਸੇਵਕ ਬਣਕੇ ਆਪਣੇ ਪ੍ਰਭੂ ਦੀਆਂ ਖੂਬੀਆਂ ਦਾ ਅਤੇ ਪ੍ਰਭੂ ਕੋਲੋਂ ਜੋ ਜੋ ਸ਼ਕਤੀਆਂ ਹਜ਼ੂਰ ਨੂੰ ਪ੍ਰਾਪਤ ਹੋਈਆਂ ਉਹਨਾਂ ਦਾ ਜ਼ਿਕਰ ਹਜ਼ੂਰ ਮਹਾਰਾਜ ਜੀ ਨੇ ਆਪਣੀ ਬਾਣੀ ਦੁਆਰਾ ਸਾਨੂੰ ਸਾਰਿਆਂ ਨੂੰ ਸਮਝਾਇਆ। ਯਸ਼ਵੰਤੀ ਨਿਰਾਧਾਰ ਦਾ ਪਹਿਲਾ ਸ਼ਬਦ ਯਸ਼ਵੰਤੀ ਹੈ। ਅਰਥਾਤ ਯਸ਼ ਦੇ ਨਾਲ ਭਰੀ ਹੋਈ ਇਸਤ੍ਰੀ ਰੂਪੀ ਰੂਹ ਨੇ ਪਤੀ ਰੂਪੀ ਪ੍ਰਮਾਤਮਾ ਦਾ ਯਸ਼, ਮਹਿਮਾ, ਪ੍ਰਸ਼ੰਸਾ, ਉਪਮਾ ਨੂੰ ਸ਼ਬਦਾਵਲੀ ਵਿਚ ਸਜਾਇਆ ਹੈ, ਦੈਵੀ ਸ਼ਕਤੀ ਦਾ ਪੂਰਣ ਵਿਸਤਾਰ ਨਾਲ ਵਰਨਣ ਕੀਤਾ ਹੈ।

ਇਸ ਦਾ ਅਗਲਾ ਸ਼ਬਦ ਹੈ ਨਿਰਾਧਾਰ। ਜੱਗੀ ਤੌਰ ਤੇ ਜੇ ਅਸੀ ਕਿਸੇ ਚੀਜ਼ ਦਾ ਖੰਡਨ ਕਰਨਾ ਹੋਵੇ ਤਾਂ ਉਸ ਵਾਸਤੇ ਅਸੀਂ ਇਹ ਸ਼ਬਦ ਵਰਤਦੇ ਹਾਂ। ਸਤਿਗੁਰਾਂ ਨੇ ਅਪਣੇ ਮੁਖ਼ਾਰਬਿੰਦ ਚੋਂ ਨਿੱਕਲੀ ਹੋਈ ਰੱਬੀ ਉਸਤਤ ਨੂੰ ਬੇਨਤੀਨਾਮੇ ਦਾ ਰੂਪ ਦਿੰਦੇ ਹੋਏ ਇਹ ਦੱਸਿਆ ਹੈ ਕਿ ਪ੍ਰਭ ਅਬਿਨਾਸੀ ਦੀ ਉਸਤਤ

ਅਸੀਂ ਚਾਹੇ ਜਿੰਨੀ ਵੀ ਕਰ ਲਈਏ ਪਰ ਸ਼ਬਦਾਂ ਦੇ ਰਾਹੀਂ ਕੀਤੀ ਨਹੀਂ ਜਾ ਸਕਦੀ। ਜਬਾਨੀ ਅਤੇ ਲਿਖ ਕੇ ਕੀਤੀ ਨਹੀਂ ਜਾ ਸਕਦੀ। ਪ੍ਰਭ ਅਬਿਨਾਸੀ ਬਹੁਤ ਵੱਡਾ ਹੈ ਤੇ ਅਸੀਂ ਦੁਨਿਆਵੀ ਜੀਵ ਬਹੁਤ ਛੋਟੇ ਹਾਂ। ਸਾਰੀ ਸ਼ਬਦਾਵਲੀ ਦਾ ਸਹਾਰਾ ਲੈਕੇ ਵੀ ਅਸੀਂ ਪ੍ਰਭ ਅਬਿਨਾਸੀ ਬਾਰੇ ਸਮਝਾ ਨਹੀਂ ਸਕਦੇ ਕਿਉਂਕਿ ਸ਼ਬਦਾਂ ਦੀ ਅਪਣੀ ਇਕ ਹੱਦ ਹੈ ਤੇ ਪ੍ਰਭ ਅਬਿਨਾਸੀ ਸਾਰੀਆਂ ਹੱਦਾਂ ਤੋਂ ਬਾਹਰ ਹੈ। ਸਾਰੇ ਸ਼ਬਦ ਮੁੱਕ ਜਾਣਗੇ ਪਰ ਉਸਦੀ ਉਪਮਾ ਨਹੀਂ ਮੁੱਕ ਸਕਦੀ। ਇਸ ਕਰਕੇ ਗੁਰੂਦੇਵ ਨੇ ਇਸ ਦਾ ਨਿਰਾਧਾਰ ਸ਼ਬਦ ਅੰਤ ਵਿਚ ਲਗਾਕੇ ਖੰਡਨ ਵੀ ਕੀਤਾ ਹੈ ਕਿ ਉਸ ਪ੍ਰਭੂ ਦੀ ਮਹਿਮਾ ਇੰਨੀ ਅਪਾਰ ਹੈ ਕਿ ਉਸਨੂੰ ਮੈਂ ਅਪਣੀ ਬਾਣੀ ਵਿਚ ਬਿਆਨ ਹੀ ਨਹੀਂ ਕਰ ਸਕਦਾ। ਅਪਣੀ ਬਾਣੀ ਨੂੰ ਸਤਿਗੁਰਾਂ ਨੇ ਯਸ਼ਵੰਤੀ ਨਿਰਾਧਾਰ ਕਹਿਕੇ ਅਪਣੇ ਆਪ ਨੂੰ ਨਿਮਾਣਾ ਸਾਬਿਤ ਕੀਤਾ ਹੈ। ਗੁਰੂ ਸਾਹਿਬ ਨੇ ਤਾਂ ਅਰਜੋਈ ਵਿਚ ਕਿਹਾ ਵੀ ਹੈ, "ਮੈਂ ਨੀਚ ਤੇਰੇ ਦਾਸ ਕੋ ਦਾਸਾ।" ਭਾਵ ਗੁਰੂਦੇਵ ਨੇ ਅਪਣੇ ਆਪ ਨੂੰ ਨੀਚ ਦੱਸਿਆ ਹੈ ਤੇ ਦਾਸਾਂ ਦਾ ਵੀ ਦਾਸ ਕਿਹਾ ਹੈ। ਨਾਲ ਹੀ ਆਪਜੀ ਨੇ ਅਪਣੇ ਸੇਵਾਦਾਰਾਂ ਨੂੰ ਹੱਥ ਪਿੱਛੇ ਕਰਕੇ ਖੜੇ ਹੋਣ ਦਾ ਹੁਕਮ ਦੇਕੇ ਨਿਮਰਤਾ ਦਾ ਮਾਰਗ ਦਿੱਤਾ ਹੈ।

ਇਸੇ ਤਰਾਂ ਹਜ਼ੂਰ ਮਹਾਰਾਜ ਜੀ ਨੇ ਬਾਣੀ ਨੂੰ ਯਸ਼ਵੰਤੀ ਨਿਰਾਧਾਰ ਨਾਮ ਦਿੱਤਾ ਹੈ ਉਸ ਰਾਹੀਂ ਇਹ ਪ੍ਰਤੱਖ ਕੀਤਾ ਹੈ ਕਿ ਹੇ ਦਾਤਾ, ਤੇਰਾ ਜੋ ਇਹ ਪੂਰਾ ਬ੍ਰਹਮਾਂਡ ਹੈ, ਸ੍ਰਿਸ਼ਟੀ ਹੈ, ਇੰਨੀ ਕੁ ਵੱਡੀ ਹੈ, ਤੇਰੀ ਗਾਥਾ ਇੰਨੀ ਕੁ ਵੱਡੀ ਹੈ ਕਿ ਮੈਂ ਅਪਣੇ ਸ਼ਬਦਾਂ ਨਾਲ ਉਸਦੀ ਉਪਮਾ ਨਹੀਂ ਕਰ ਸਕਦਾ। ਤੇਰੀ

ਮਹਿਮਾ, ਤੇਰੇ ਯਸ਼ ਦੇ ਅੱਗੇ ਮੇਰੇ ਸ਼ਬਦ ਨਿਰਾਧਾਰ ਨੇ। ਇਸ ਤਰਾਂ ਗੁਰੂਦੇਵ ਨੇ ਬੜੇ ਹੀ ਨਿਮਾਣੇ ਤਰੀਕੇ ਨਾਲ ਅਪਣੀ ਸ਼ਬਦਾਵਲੀ ਨੂੰ ਯਸ਼ਵੰਤੀ ਨਿਰਾਧਾਰ ਦਾ ਚੋਲਾ ਪ੍ਰਦਾਨ ਕੀਤਾ ਅਤੇ ਜੋ ਰੱਬੀ ਘਰੋਂ ਆਪ ਜੀ ਨੂੰ ਹੁਕਮ ਹੋਇਆ ਸੀ ਉਸਨੂੰ ਨਿਮਾਣੇ ਹੋਕੇ ਸਵੀਕਾਰ ਕੀਤਾ ਤੇ ਸਾਨੂੰ ਅਪਣੀ ਬਾਣੀ ਰਾਹੀ ਪਰਮ ਪਿਤਾ ਪ੍ਰਮਾਤਮਾ, ਪ੍ਰਭ ਅਬਿਨਾਸੀ ਦੇ ਨਾਲ ਜੋੜਣ ਦਾ ਮਾਰਗ ਦਰਸਾਇਆ।

ਦਾਸ ਧਰਮ ਦਾ ਇਹ ਨਿਜੀ ਗ੍ਰੰਥ ਹੈ ਜਿਸ ਵਿਚ ਹਜ਼ੂਰ ਮਹਾਰਾਜ ਜੀ ਨੇ ਬਾਣੀ ਨੂੰ ਤਿੰਨ ਅਵਸਥਾਵਾਂ 'ਚ ਵੰਡਿਆ ਹੈ। ਪਹਿਲੀ ਅਵਸਥਾ ਹੈ ਆਦਿਮਣੀ, ਦੂਜੀ ਹੈ ਪੰਚਮਣੀ ਤੇ ਤੀਜੀ ਹੈ ਚਿੰਤਾਮਣੀ। ਹਜ਼ੂਰ ਨੇ ਜਿੰਨੀ ਵੀ ਰੱਬ ਦੀ ਪ੍ਰਸ਼ੰਸਾ ਕੀਤੀ ਹੈ, ਰੱਬ ਦੇ ਦੇਵਤਿਆਂ ਦੀ, ਰੱਬੀ ਅਵਤਾਰਾਂ ਦੀ, ਪੀਰ ਪੈਗੰਬਰਾਂ ਦੀ ਪ੍ਰਸ਼ੰਸਾ ਕੀਤੀ ਹੈ ਉਹ ਸਾਰੀ ਬਾਣੀ ਆਦਿਮਣੀ ਵਿਚ ਦਰਜ ਹੈ। ਦੂਜੀ ਅਵਸਥਾ ਹੈ ਪੰਚਮਣੀ। ਹਜ਼ੂਰ ਨੇ ਜੋ ਰੱਬ ਅੱਗੇ ਸੰਸਾਰ ਵਾਸਤੇ, ਜਨ ਕਲਿਆਣ ਵਾਸਤੇ, ਅਪਣੀ ਹਸਤੀ ਉਸਦੇ ਵਿਚ ਵਿਲੀਨ ਕਰਣ ਵਾਸਤੇ ਬੇਨਤੀ ਕੀਤੀ ਹੈ, ਅਰਦਾਸਾਂ ਅਰਜੋਈਆਂ ਕੀਤੀਆਂ ਹਨ ਉਹ ਸਾਰੇ ਸ਼ਬਦ ਪੰਚਮਣੀ ਵਿਚ ਦਰਜ ਹਨ। ਤੀਜੀ ਅਵਸਥਾ ਵਿਚ ਹਜ਼ੂਰ ਮਹਾਰਾਜ ਜੀ ਨੇ ਉਹ ਸ਼ਬਦ ਦਰਜ ਕੀਤੇ ਹਨ ਜਿਸ ਵਿਚ ਸਾਨੂੰ ਸੰਸਾਰਿਕ ਜੀਵਾਂ ਨੂੰ ਇਸ ਧਰਤੀ ਤੇ ਅਪਣੇ ਜਨਮ ਦੇ ਮਨੋਰਥ ਨੂੰ ਪਛਾਣਕੇ, ਰੱਬੀ ਮਾਰਗ ਤੇ ਚੱਲਣ ਦੀ, ਰੱਬੀ ਮਾਰਗ ਤੇ ਚੱਲਦਿਆਂ ਹੋਇਆਂ ਸੰਸਾਰਕ ਤੌਰ ਤੇ ਵੀ ਸੁਰਖਰੂ ਹੋਣ ਦੀਆਂ ਤਰਕੀਬਾਂ ਦੱਸੀਆਂ ਹਨ ਤਾਂ ਕਿ ਸਾਡਾ ਜੀਵਨ ਚੰਗਾ ਹੋਵੇ, ਸੁਖਦਾਇਕ ਹੋਵੇ

ਧੰਨ ਨਾਨਕ

ਤੇ ਅਸੀਂ ਰੱਬੀ ਮਾਰਗ ਤੇ ਚੱਲਕੇ ਉਸਦੇ ਦੈਵੀ ਰੂਪ ਦੇ ਦਰਸ਼ਨ ਪ੍ਰਾਪਤ ਕਰ ਸਕੀਏ।

ਹਰ ਸ਼ਬਦ ਤੋਂ ਪਹਿਲਾਂ ਹਜ਼ੂਰ ਮਹਾਰਾਜ ਜੀ ਨੇ 'ਧੰਨ ਨਾਨਕ' ਦਰਜ ਕੀਤਾ ਹੈ। ਹਜ਼ੂਰ ਮਹਾਰਾਜ ਜੀ ਨੇ ਧੰਨ ਗੁਰੂ ਨਾਨਕ ਪਾਤਸ਼ਾਹ ਸਾਹਿਬ ਨੂੰ ਅਪਣਾ ਗੁਰੂ ਮੰਨਿਆ ਹੈ ਇਸ ਕਰਕੇ ਪਹਿਲਾਂ ਗੁਰੂ ਦੀ ਉਸਤਤ ਕੀਤੀ ਹੈ ਤੇ ਫਿਰ ਪ੍ਰਭ ਅਬਿਨਾਸੀ ਦੀ ਪ੍ਰਸ਼ੰਸਾ ਕੀਤੀ ਹੈ ਕਿਉਂਕਿ ਪ੍ਰਥਮੇ ਗੁਰੂ ਦੀ ਪੂਜਾ ਹੁੰਦੀ ਹੈ ਤੇ ਫਿਰ ਪ੍ਰਭ ਅਬਿਨਾਸੀ ਦੀ ਪੂਜਾ ਦਾ ਵਿਧਾਨ ਹੈ।

ਹਰ ਸ਼ਬਦ ਦੇ ਸੰਪੂਰਣ ਹੋਣ ਤੇ ਹਜ਼ੂਰ ਮਹਾਰਾਜ ਜੀ ਨੇ ਯਕੀਨ ਸ਼ਬਦ ਲਗਾਕੇ ਅਪਣੇ ਪੂਰੇ ਭਰੋਸੇ ਦਾ ਪ੍ਰਮਾਣ ਦਿੱਤਾ ਹੈ ਤਾਕਿ ਅਸੀਂ ਜਿਗਿਆਸੂ ਜੀਵ ਵੀ ਹਜ਼ੂਰ ਮਹਾਰਾਜ ਜੀ ਦੀ ਤਰਾਂ ਹੀ ਬਾਣੀ ਪੜ੍ਹਦਿਆ, ਸੁਣਦਿਆਂ, ਜੱਪਦਿਆਂ ਉਂਨਾ ਹੀ ਭਰੋਸਾ ਧਾਰ ਸਕੀਏ।

ਹਾਲਾਂਕਿ ਇਸਦੀ ਕੋਸ਼ਿਸ਼ ਕੀਤੀ ਗਈ ਹੈ ਕਿ ਬਾਣੀ ਨੂੰ ਦਰਜ ਕਰਦਿਆਂ ਹੋਇਆਂ ਕਿਸੇ ਤਰਾਂ ਦੀ ਅਲਫਾਜ਼ੀ ਯਾ ਲਗਾ ਮਾਤਰਾ ਦੀ ਗਲਤੀ ਨਾ ਰਹੇ ਪਰ ਜੇ ਫਿਰ ਵੀ ਕੋਈ ਗਲਤੀ ਰਹਿ ਗਈ ਹੋਵੇ ਤਾਂ ਦਾਸ ਖਿਮਾ ਦਾ ਜਾਚਕ ਹੈ।

– ਮਹਾਰਾਜ ਤ੍ਰਿਲੋਚਨ ਦਰਸ਼ਨ ਦਾਸ

ਧੰਨ ਨਾਨਕ

# ਤਤਕਰਾ


(ੳ)

ਉੱਤਮ ਨਾਮ ਤੁਮਾਰਾ ਮਾਧੋ 25
ਉਡਣ ਪੰਖੇਰੂ ਬਿਨ ਰਾਹੀ 257

(ਅ)

ਅਬ ਮੁਝ ਸੇ ਰਹਾ ਨਾ ਜਾਏ 258
ਅਠਸਠਿ ਤੀਰਥ ਕਾ ਵਰਦਾਨ 26
ਅਮਾਵਸ ਇਸ਼ਨਾਨ ਉੱਤਮ ਭਇਓ 27
ਆ ਅੱਲਾ ਆ ਰਾਮ ਆਤਾ ਹੈ 28
ਆ ਮਿਲ ਰਾਮ ਪਿਆਰੇ 65
ਆਤਮਿਕ ਗਿਆਨ ਕਰਮ ਨਹੀ ਕੋਇ 186
ਆਣ ਪੜੇ ਜੋ ਤੇਰੀ ਸ਼ਰਣੀ 187
ਅਲੱਖ ਨਾਰਾਇਣ ਨਿਰੰਜਨ ਮੇਰੇ ਰਾਮ 29
ਅੰਤਰ ਕੀ ਬਿਧ ਜਾਨੋ ਨਾਹੀ 66
ਅਭਿਮਾਨ ਤਿਆਗੋ ਭਾਈ 183
ਅਵਰ ਕਿਆ ਲੋਚੇ ਲੋਚ ਪ੍ਰਭ ਦਰਸ਼ਨ 259
ਅਵਰ ਨਾਹੀ ਤੁਧ ਜੇਹਾ ਕੋਈ ਦਾਨਾ 185
ਅੰਮ੍ਰਿਤ ਪੀਓ ਜੁਗ ਜੁਗ ਜੀਓ 30
ਅੰਮ੍ਰਿਤਧਾਰਾ ਬਰਸੈ ਮਨਵਾ 31
ਅੰਮ੍ਰਿਤ ਨਾਮ ਸਿਮਰ ਮਨ ਮੇਰੇ 32
ਅੱਖਾਂ ਦਾ ਤੱਕਣਾ ਕਾਮ ਦੀ ਹੈ ਭਾਵਨਾ 33
ਆਪੇ ਆਪਣੇ ਆਪ ਕਾਜ ਸਵਾਰੇ 34

(ੲ)

ਏਕੋ ਓਟ ਤੁਮਾਰੀ ਦਾਤਾ 188
ਏਕੋ ਸੰਗ ਸੁਹਾਗਣ ਜੋਤੀ ਜੋਤ ਸਮਾਇ 178
ਏਕੋ ਸਭਨਾ ਦਾ ਦਾਤਾ 35
ਇੱਕੋ ਦਾਤਾ ਇੱਕੋ ਉੱਮਤ 36
ਇੱਕੋ ਮਿੱਟੀ ਦੇ ਬਣੇ ਇਨਸਾਨ 184
ਏਕ ਉਪਰ ਓਂਕਾਰ ਸਜਾਇਆ 37

| | |
|---|---|
| ਏਕ ਓਂਕਾਰ ਰਾਓਂਕਾਰ | 38 |
| ਏਕ ਘੜੀ ਸਾਧ ਸੰਗ | 39 |
| ਏਕ ਨੂਰ ਤੇ ਨੂਰੇ ਇਲਾਹੀ | 189 |
| (ਸ) | |
| ਸਹਿਜ ਸੁੱਖ ਸੁਨੇਦੜੇ ਸਤਿਗੁਰ | 40 |
| ਸਗਲ ਧਰਤ ਤੁਮਾਰੀ ਰਾਮ ਜੀਓ | 42 |
| ਸਜਨ ਸੁੰਦਰ ਮਨਮੋਹਣੇ ਨੂੰ | 260 |
| ਸਤਿ ਨਾਰਾਇਣ ਸਤਿ ਸਿੰਗਾਰੀ | 43 |
| ਸਤਿਗੁਰ ਆਪ ਦਇਆਲ ਭਇਓ | 190 |
| ਸਤਿਗੁਰ ਸਾਜਨ ਸਨੇਦੜਿਆ | 191 |
| ਸਤਿਗੁਰ ਸੇਵਾ ਸਿੱਖ ਕਮਾਵੈ | 44 |
| ਸਤਿਗੁਰ ਸੇਵਾ ਮਿਲੇ ਵਡਭਾਗੀ | 192 |
| ਸਤਿਗੁਰ ਸੋਭਾ ਜਗ ਸੇ ਨਿਆਰੀ | 45 |
| ਸਤਿਗੁਰ ਕਰੇ ਸਤਿਗੁਰ ਕਰੋ | 193 |
| ਸਤਿਗੁਰ ਗੁਰੂ ਗਿਆਨ ਦੀਆ | 46 |
| ਸਤਿਗੁਰ ਪੂਰਨ ਪੁਰਖ ਹਮਾਰੇ | 194 |
| ਸਤਿਗੁਰ ਮੇਰੇ ਪ੍ਰਾਣ ਅਧਾਰੇ | 195 |
| ਸਾਧ ਸੰਗ ਹਰਿ ਉੱਤਮ ਸੰਗ | 263 |
| ਸਾਧ ਸੰਗ ਜਿਸ ਹਰਿ ਹਰਿ ਧਿਆਇਆ | 47 |
| ਸਤਿ ਸੰਗਤ ਗੁਰੂ ਕੀ ਹਰਿ ਪਿਆਰੀ | 262 |
| ਸਤਿਗੁਰ ਪ੍ਰਭ ਭੇਦ ਸਿਮਰਨ ਨਾਮ ਪਰੂਫ | 48 |
| ਸਤਿਗੁਰ ਪੂਰਾ ਆਰਾਧੀਐ | 49 |
| ਸਤਿਗੁਰ ਪੂਰਨ ਪੁਰਖ ਸੁਜਾਨ | 50 |
| ਸਤਿਗੁਰੂ ਜੀਓ ਮੇਰੇ ਪੂਰੇ ਹਰਿ ਰਾਇ | 51 |
| ਸਤਿਗੁਰੂ ਨਾਨਕ ਦਇਆਲ ਮਾਹਿ | 176 |
| ਸਭ ਕਿਛ ਮਿਲਾ ਤੁਮਹੋਂ ਦਾਨ ਮੇਂ | 196 |
| ਸਭ ਥਾਂ ਸੋਹਣੇ ਮਨਮੋਹਨ ਪਿਆਰੇ | 198 |
| ਸਵਾਸ ਸਵਾਸ ਪ੍ਰਭ ਨਾਵੈਂ | 261 |
| ਸੱਚਾ ਪਰਵਰਦਿਗਾਰ | 224 |
| ਸਿੱਖ ਸੋ ਜੋ ਖਿਮਾ ਵਿਚਾਰੇ | 52 |
| ਸੁਣ ਸੁਣ ਜੀਵਾਂ ਅੰਮ੍ਰਿਤ ਬਾਣੀ | 225 |
| ਸੁਣ ਬੇਨਤੀ ਮੇਰੀ ਪ੍ਰਭ ਕਿਰਪਾਲ | 264 |

ਸੁਣਾਂ ਪੜ੍ਹਾਂ ਨਿਤ ਤੇਰੀ ਬਾਣੀ 277
ਸੁਣੋ ਅਰਜੋਈ ਦੀਨ ਦਿਆਲ 201
ਸੁਣੋ ਬੇਨਤੀ ਮੋਹੇ ਨਾਮ ਦੀਜੇ 53
ਸੁਣੀ ਸੱਚੀ ਬਾਣੀ ਗੋਬਿੰਦ ਤੁਮਾਰੀ ਜੀਓ 155
ਸੁਖਦਾਈ ਪ੍ਰਭ ਅਬ ਤਬ ਸਭ ਜਾਣੈ 54
ਸੂਰਾ ਸੋ ਜਾਣਿਆ ਜਿਨ ਹਰਿ ਰੰਗ ਮਾਣਿਆ 55
ਸੰਤਾਂ ਸਿਦਕ ਹਰਿ ਪੂਰਾ ਕੀਨਿਆ 56
ਸਾਹਿਬ ਆਪਨੇ ਕੀ ਕਰੋ ਚਾਕਰੀ 200
ਸਾਹਿਬ ਮੇਰੋ ਮਿਹਰਬਾਨ ਭਇਓ 57
ਸੇਵ ਸੇਵਣ ਰਾਮਾਇਣ ਗੀਤਾ 58
ਸੋ ਸੁਹਾਗਣ ਮੇਰੇ ਸਤਿਗੁਰੂ ਜੋ ਪ੍ਰੀਤਮ ਪਿਆਰੀ 179

(ਹ)

ਹਉ ਕਲਿ ਮਾਹਿ ਨਾਮ ਬਿਨਾ 197
ਹਮ ਕਰਨੇ ਆਏ ਲੋਕ ਭਲਾਈ 202
ਹਮ ਪਾਪੀ ਹਮ ਐਸੇ 59
ਹੱਕ ਪਰਾਇਆ ਜੋ ਖਾਵੇ 266
ਹਰਿ ਕੀ ਸੇਵਾ ਉੱਤਮ ਸੰਤੋ 60
ਹਰਿ ਕੇ ਬੰਦੇ ਹਰਿ ਕਿਉਂ ਭੁਲਾਏਂ 268
ਹਰਿ ਜੀਓ ਕਿਰਪਾ ਕਰੋ 203
ਹਰਿ ਪ੍ਰਭ ਪੂਰੇ ਠਾਕੁਰ ਸੁਆਮੀ 61
ਹਰਿ ਰਾਇ ਸਿਮਰੇ ਸੱਚਖੰਡ ਵਾਸੀ 62
ਹਰੀਸ਼ ਚੰਦਰ ਰਾਜਨ ਸੱਚ ਧਨ ਕਮਾਂਵਦੇ 63

(ਕ)

ਕਰ ਕਿਰਪਾ ਪ੍ਰਭ ਕਿਰਪਾ ਨਿਧਾਨ 64
ਕਰਤੇ ਪੁਰਖ ਸਖੀ ਸਗਲ ਸਹੇਲੀ 65
ਕਰਨ ਕਰਾਵਨ ਕਰਤਾ ਆਇਆ 66
ਕਰਮ ਕਰੀਮ ਸੇਵ ਕਮਾਵਾਂ 67
ਕਰਮ ਭੁੱਲ ਕੂੜ ਕਮਾਂਦੇ 269
ਕਿੰਨ ਕਾਰਣ ਤੂੰ ਜਗ ਮੇਂ ਆਇਆ 272

ਕਿਰਪਾ ਕਰੋ ਦਰਸ਼ਨ ਗੁਣ ਗਾਵੈ 61
ਕਿਰਪਾ ਕਰੋ ਦੀਨ ਦਿਆਲ 68
ਕਿਰਪਾ ਕਰੋ ਪ੍ਰਭ ਕਿਰਪਾਲ 273
ਕਿਰਪਾ ਕਰੋ ਮੋਹੇ ਦਰਸ ਦੀਜੇ 206
ਕਿਰਪਾ ਕਰੋ ਮੇਰੇ ਠਾਕੁਰ ਸਾਂਈ 69
ਕਿਰਪਾ ਨਿਧਾਨ ਕਿਰਪਾ ਕਰੋ ਜਨ ਆਪਨੇ 70
ਕਿਰਪਾਲ ਕਿਰਪਾ ਨਿਧਾਨ ਕਰਮਯੋਗੀ 207
ਕਾਹੇ ਰੇ ਮਨ ਕੀ ਡਗਰੀਆ ਡੋਲੇ 270
ਕਾਜ ਸਵਾਰੇ ਭਗਤ ਜਨੋ ਕੇ 205
ਕਾਲਿੰਗਾ ਗੁਣੀ ਗਣੇਸ਼ ਸਾਰੰਗ ਨਾਭੀ ਵਿਸ਼ਨੂੰ 71
ਕਾਲੀ ਕਾਲਿੰਗਾ ਕਾਇਆ ਕਲਪ 72
ਕੰਤ ਕਾਮਨ ਮੇਰਾ ਸੋਹਣਾ ਸੁੰਦਰ 204
ਕੈਸੇ ਕਰੂੰ ਤੇਰੀ ਮੈਂ ਅਰਾਧਨਾ 274


(ਖ)


ਖਤਰਾ 271


(ਗ)


ਗੰਗਾ ਜਮਨਾ ਸਰਸਵਤੀ ਦਿਉ ਇਹ ਵਰਦਾਨ 71
ਗੰਭੀਰ ਗੋਸਾਂਈ ਗੁਣਿਆਰ ਬਿਧਾਤੇ 73
ਗੁਰ ਸੰਗ ਪ੍ਰੀਤ ਜੋ ਜਨ ਕਰੇ 207
ਗੁਰ ਪਾਰਬ੍ਰਹਮ ਪਰਮੇਸ਼ਰ ਦੀਓ ਨਾਮ ਅਧਾਰ 75
ਗੁਰ ਪੂਰਾ ਵਡਭਾਗੀ ਪਾਵਾਂ 76
ਗੁਰ ਪੂਰੇ ਹਉਂ ਜਾਉਂ ਕੁਰਬਾਨ 77
ਗੁਰਬਾਣੀ ਗੁੜ ਮੀਠੀ ਲਾਗੀ 78
ਗੁਰੂ ਸਤਿਗੁਰੂ ਭੇਦ ਨਾਹੀ ਕੋਏ 79
ਗੁਰੂ ਨਾਨਕ ਸਭਹਾਂ ਤੋਂ ਵੱਡਾ 80
ਗੁਰੂ ਨਾਨਕ ਤੇਰੀ ਵਡਿਆਈ 81
ਗੁਰੂ ਨਾਨਕ ਦਾ ਜਪੀਏ ਨਾਮ ਪਹਿਲਾਂ 82
ਗੁਰੂ ਨਾਨਕ ਮੇਰੇ ਹੋਇ ਸਹਾਈ 83
ਗੁਰੂ ਪ੍ਰਾਣ ਪੰਥ ਪੂਰਾ 84
ਗੁਰੂ ਪ੍ਰੇਮ ਸਭ ਸੇ ਨਿਆਰਾ 85
ਗੁਰੂ ਪ੍ਰੇਮ ਰਖਣਾ ਗੁਰੂ ਹੁਕਮ ਮਾਹਿ ਚੱਲਣਾ 86

ਗੁਰੂ ਪੂਰੇ ਮੇਰੇ ਠਾਕੁਰ ਨਾਰਾਇਣ 87
ਗੁਰ ਪੂਰੇ ਮੇਰੇ ਪਿਤਾ ਦਸਮੇਸ਼ 88
ਗੁਰੂ ਬਿਨ ਸੰਗ ਨਾ ਕੋ ਤੇਰਾ 83
ਗੁਰੂ ਬਿਨ ਨਾਹੀ ਕੋਈ ਸਹਾਰਾ 74

(ਘ)

ਘਟ ਘਟ ਵਾਸੀ ਪ੍ਰਭ ਅਬਿਨਾਸੀ ਅਜਬ 208
ਘਟ ਘਟ ਵਾਸੀ ਪ੍ਰਭ ਅਬਿਨਾਸੀ ਬਖਸ਼ੋ 209

(ਚ)

ਚਤਰਭੁਜਾ ਚੌਮੁੰਡਾ ਦਿਓ ਹਰਿ ਰਾਇ 89
ਚਰਣ ਪ੍ਰੀਤ ਮੋਹੇ ਦੀਜੈ 275
ਚਵਰ ਛਤਰ ਲੇਓ ਬੈਠਿਆ ਠਾਕੁਰ 90
ਚਾਰਮੁਖੀ ਦੀਵਾ ਚਾਰੇ ਧਰਮ ਕਹਾਏ 92
ਚਿੰਤਾ ਚਿੱਤ ਨਾ ਆਵੇ 277
ਚਿੱਟੀ ਕਾਲੀ ਚਮੜੀ 276
ਚੌਥੀ ਲਾਵੈਂ ਪਤੀ ਪਤ ਸੇਵਾ 179

(ਛ)

ਛੋੜ ਮਨ ਮੋਹ ਮਮਤਾ ਸਤਿਗੁਰ ਸ਼ਰਨ ਧਾਰ 91

(ਜ)

ਜਗ ਜੀਵਨ ਦਾਤਾ ਮਿਲੇ ਸੰਜੋਗੀ 210
ਜਗਤ ਖੇਲ ਮਨ ਨਾ ਲਗਸੇ 211
ਜਗਤ ਜਲੰਦਾ ਰਾਖ ਲਓ 93
ਜੰਨਤ ਏ ਜਾਨ ਗੁਰੂ ਗੋਬਿੰਦ ਸਿੰਘ 95
ਜਨਮ ਦੀਓ ਸੰਗ ਦੀਓ ਗੁਜਰਾਨ 212
ਜਬ ਜਬ ਹੋਸੀ ਅਰਿਸ਼ਟ ਅਪਾਰਾ 97
ਜਨ ਦਰਸ਼ਨ ਪ੍ਰਭ ਸੁਣੋ ਬੇਨੰਤੀਆਂ 90
ਜਲ ਥਲ ਗਗਨ ਤੇਰਾ ਪਸਾਰਾ 98
ਜਿਸ ਹਰਿ ਨਾਮ ਮਨ ਭਾਏ 97
ਜਿਸੇ ਦੇਖਾ ਸੋ ਦੁਖੀ ਹਰਿ ਨਾਮ 276
ਜਿਸਨੇ ਖੋਜਾ ਉਸਨੇ ਪਾਇਆ 213
ਜਿਤ ਦੇਖੂੰ ਮੈਂ ਤੁਧ ਪਾਊਂ 278

ਜਿਨਹੇ ਮਨ ਹਰਿ ਨਾਮ ਵਸੇ 93
ਜੋ ਜਨ ਕਰੇ ਸੇਵਨ ਮਦਿਰਾ ਮਾਸ 279

(ਤ)

ਤਨ ਮਨ ਧਨ ਤੁਧ ਆਗੇ ਪਿਆਰੇ 214
ਤਰਸ ਭਇਆ ਸਤਿਗੁਰ ਕੋ ਹਰਿ ਨਾਮ ਦੀਓ 215
ਤੱਕ ਕੇ ਤੇਰੀ ਮਹਿਮਾ ਦਾਤਾ ਲੋਚਦਾ ਏ 257
ਤ੍ਰੇਤਾ ਰਾਮ ਅਵਤਾਰ ਧਾਰੇ 99
ਤਿਸ ਸਤਿਗੁਰ ਮਹਿ ਜਾਊਂ ਬਲਿਹਾਰ 100
ਤੁਝਸੇ ਬਿਛੁੜੇ ਗੋਬਿੰਦ ਠਾਕੁਰ 101
ਤੁਝ ਬਿਨ ਜਿੰਦ ਜੁਦਾਈਆਂ 281
ਤੁਝ ਬਿਨ ਦੁੱਖ ਘਨੇਰੇ ਸਹਿਨੇ 216
ਤੁਝ ਬਿਨ ਪ੍ਰੇਮ ਨਾ ਉਪਜੇ 282
ਤੁਝ ਬਿਨ ਮਨ ਲੋਚਦਾ ਹਰਿ ਰਾਇ 282
ਤੁਮ ਪਾਤਸ਼ਾਹੋਂ ਕਾ ਪਾਤਸ਼ਾਹ 103
ਤੁਮ ਦਾਨ ਦਿਉ ਹਰਿ ਭਗਤਨ ਕੋ 215
ਤੁਮ ਮੇਰੋ ਸਾਹਿਬ ਊਚ ਮਹਾਨ 104
ਤੁਮ ਮੇਰੋ ਗੋਬਿੰਦ ਠਾਕੁਰ ਦਾਤਾਰ 217
ਤੁਮ ਮੇਰੇ ਪ੍ਰੀਤਮ ਪ੍ਰਭ ਕਿਰਪਾਲ 105
ਤੁਮ ਮੇਰੇ ਠਾਕੁਰ ਰਾਮ ਰਘੁਰਾਈ 283
ਤੂੰ ਅੱਲਾ ਤੂੰ ਰਾਮ ਰਹੀਮ 106
ਤੂੰ ਸਖੀ ਤੂੰ ਸਖਾ 107
ਤੂੰ ਸਭਨੀ ਥਾਂਈ ਜਿੱਥੇ ਹਉਂ ਜਾਂਈ 108
ਤੂੰ ਸਭਨੀ ਥਾਂਈ ਤੁਝ ਦੇਖੇ ਮਨ ਮਾਨ ਜਾਈ 218
ਤੂੰ ਸਾਜਨ ਤੂੰ ਹਰਿ ਪ੍ਰਭ ਪੂਰਾ 220
ਤੂੰ ਸਾਹਿਬ ਮੈਂ ਤੁਮਰੋ ਦਾਸਾ 219
ਤੂੰ ਸਾਂਈ ਦੀਨ ਦਿਆਲਾ 109
ਤੂੰ ਹੀ ਤੂੰ ਮਨ ਹਰ ਵੇਲੇ ਬੋਲੇ 231
ਤੂੰ ਹੀ ਮੇਰਾ ਸਜਨ ਪਿਆਰਾ 221
ਤੂੰ ਜਾਨੇ ਤੁਝ ਤਾਂਹੀ ਮਾਨੈ 284
ਤੂੰ ਦਾਤਾ ਤੂੰ ਅੰਤਰਯਾਮੀ 206
ਤੂੰ ਦੇਂਦਾ ਆਇਆ ਦੇਵਣਹਾਰ 110
ਤੂੰ ਦਾਤਾ ਪਾਲਣਹਾਰਾ 223

ਤੂੰ ਪਾਤਸ਼ਾਹੋਂ ਕਾ ਪਾਤਸ਼ਾਹ 224
ਤੂੰ ਬੇਅੰਤ ਬਖਸ਼ੰਦ ਬਖਸ਼ਣਹਾਰ ਬਾਬਾ 110
ਤੂੰ ਮਹਾਰਾਣੀ ਜੱਗ ਕਲਿਆਣੀ 111
ਤੂੰ ਮੇਰਾ ਬੰਧਪ ਤੂੰ ਮੇਰਾ ਸੁਆਮੀ 107
ਤੂੰ ਮਾਈ ਤਿੰਨ ਪੂਤ ਜਾਈ 113
ਤੂੰ ਮੇਰਾ ਠਾਕੁਰ ਗੋਬਿੰਦ ਗੋਸਾਂਈ 114
ਤੂੰ ਮੇਰਾ ਰੰਗ ਰੰਗੀਲਾ ਸਾਜਨ 118
ਤੂੰ ਮੇਰੇ ਠਾਕੁਰ ਠਾਕੁਰ ਗੋਸਾਂਈ 286
ਤੂੰ ਠਾਕੁਰ ਮਾਤ ਪਿਤਾ ਹਮਾਰੇ 222
ਤੂੰ ਵੱਡਾ ਤੇਰਾ ਨਾਂਓ ਵੱਡਾ 115
ਤ੍ਰਿਸ਼ਨਾ ਮਿਟੇ ਮੇਰੇ ਮਨ ਤਨ ਕੀ 280
ਤੀਜੀ ਲਾਵੈਂ ਦੁੱਖ ਸੁੱਖ ਸਾਂਝਾ 178
ਤੇਰਾ ਕੀਰਤਨ ਕੀਰਤੀ 116
ਤੇਰਾ ਨਾਮ ਹਰੀ ਹਰਿ ਪੂਰਾ 117
ਤੇਰਾ ਨਾਮ ਪ੍ਰਾਣ ਅਧਾਰਾ 225
ਤੇਰੀ ਮਹਿਮਾ ਬੇਦਾਂ ਤਹਿ ਨਾਹੀ ਜਾਣੈ 118
ਤੇਰੀ ਕੁਦਰਤ ਤੇਰੀ ਜੰਨਤ 112
ਤੇਰੇ ਆਸ਼ਿਕਾਂ ਦੇ ਇਸ਼ਕ ਅਵੱਲੇ ਨੇ 288
ਤੇਰੇ ਸਹਾਰੇ ਮੇਰੇ ਰਾਜ ਦੁਲਾਰੇ 226
ਤੇਰੇ ਗੋਸਾਂਈ ਰਾਮ ਰਹੀਮ ਕਰਤਾ 119
ਤੇਰੇ ਤੋਲ ਤਰਾਜੀ ਤੋਂ ਲੈਕੇ 288
ਤੇਰੇ ਭਰੇ ਭੰਡਾਰੇ ਲਾਲ ਜੀਓ 120
ਤ੍ਰੈ ਨਾਰੀ ਤਿਨਹੇ ਆਦਿ ਕੁਆਰੀ 121
ਤੈਂਹ ਹਰਿ ਨਾਮ ਜਪਿਓ 227

(ਦ)

ਦਇਆ ਸਤਿ ਸੰਤੋਖ ਨਾਮ ਚਾਰੇ ਧਰਮ ਕਹਾਵੈ 122
ਦਇਆਵੰਤ ਦਿਆਲ ਪੁਰਖ ਖਸਮ ਹਮਾਰੇ 228
ਦਰਸ਼ ਦੇਓ ਮੇਰੇ ਰਾਮ ਜੀਓ 124
ਦਰਸ਼ਨ ਕੀ ਲਾਗੀ ਪਿਆਸ 201
ਦਰਸ਼ਨ ਕਹਿਤ ਸ਼ਬਦ ਚਿੱਤ ਲਾਵਾਂ 60
ਦਰਸ਼ਨ ਰਾਮ ਤੇਰੇ ਕਾਜ ਸਵਾਰੇ 42
ਦਾੜ੍ਹੀਆਂ ਰੱਖਣ ਕੇਸ ਸਜਾਵਣ 289

ਦਾਸ ਜਨੋ ਕੋ ਪ੍ਰਭ ਭਇਓ ਦਿਆਲ 229
ਦਿਓ ਦਾਨ ਨਾਮ ਆਪਨੇ ਦਾਸਨ ਕੋ 125
ਦਿਓ ਮੀਤ ਸਜਨ ਮੇਰੇ ਰਾਮਾ 98
ਦੀਓ ਮੋਹੇ ਨਾਮ ਦਾਨ 126
ਦੀਜੋ ਦਰਸ ਮਾਹੇ ਮੇਰੇ ਠਾਕੁਰ ਜੀਓ 290
ਦੀਨ ਕੇ ਦਾਤਾ ਗਰੀਬੋਂ ਕੇ ਵਾਲੀ 231
ਦੀਨ ਦਿਆਲ ਸਤਿਗੁਰ ਪੁਰਖ ਹਮਾਰੇ 127
ਦੀਨ ਦਿਆਲ ਰਾਮ ਪ੍ਰਭ ਸ਼ਾਮ ਅਬਿਨਾਸੀ 128
ਦੂਜੀ ਲਾਵੈਂ ਤਨ ਮਨ ਧਨ ਸੰਗ 177

(ਧ)

ਧੰਨ ਨਿਰੰਕਾਰ ਜੋ ਕਰੇ ਸੋ ਕਰਤਾਰ 129
ਧੰਨ ਸ਼ਿਵ ਤ੍ਰਿਲੋਕੀ ਨਾਥਾ 130
ਧੁਰੋਂ ਤ੍ਰਿਲੋਕੀ ਤਰਸ਼ੂਲੇ 131

(ਨ)

ਨਮੋ ਗਣੇਸ਼ ਨਮੋ ਗਣੇਸ਼ 132
ਨਾ ਚਿਤਾਰੇ ਅਵਗੁਣ ਹਮਾਰੇ 232
ਨਦਰ ਕਰੋ ਮੇਰੇ ਪ੍ਰੀਤਮ ਪਿਆਰੇ 291
ਨਾਨਕ ਸੱਚ ਹੈ ਨਾਨਕ ਹੈ ਭੀ ਸੱਚ 133
ਨਾਨਕ ਨਾ+ਨ+ਕ 134
ਨਾਨਕ ਨਾਮ ਅਮੋਲਕ ਰਤਨ 136
ਨਾਨਕ ਨਾਮ ਸਿਮਰੋ ਸੰਤੋ 137
ਨਾਨਕ ਭਇਓ ਕਿਰਪਾਲ 138
ਨਾਮ ਸਿਮਰ ਦੁਖ ਕੱਟੇ ਜਾਣ 285
ਨਾਮ ਕੀ ਦਾਤ ਮਿਲੇ ਗੁਰ ਸ਼ਰਣੀ 137
ਨਾਮ ਕੀ ਮਹਿਮਾ ਅਪਰੰਪਾਰ 139
ਨਾਮ ਜਪਤ ਮਨ ਭਇਓ ਨਿਹਾਲ 139
ਨਿਓਟਿਓਂ ਕਾ ਆਸਰਾ 140
ਨਿਸ ਦਿਨ ਜਪੀਏ ਪ੍ਰਭ ਕਾ ਨਾਮ 141
ਨਿੱਤ ਦਿਨ ਯਾਦ ਕਰੇਸਾਂ ਮੇਰੇ ਸਾਹਿਬਾ 286
ਨਿੱਤ ਨਿਮਾਣੀ ਕਰੇ ਅਰਜੋਈ 292
ਨੀਲਕੰਠ ਨਾਰਾਇਣ ਨਿਰੰਜਨ ਨਿਮਾਣਾ 142

ਨੈਣ ਨਿਰਾਕਾਰ ਨਿਰੰਜਨ ਨਾਰਾਇਣ ਸੁਆਮੀ 143
ਨੈਨ ਨੈਨਣ ਨੈਨਨਣ 144
ਨੰਦ ਗੋਪਾਲ ਠਾਕੁਰ ਦਾਤਾਰ 145

(ਪ)

ਪਹਿਲੇ ਘਰ ਤੋਂ ਇੱਕ ਸਜਾਇਆ 146
ਪਹਿਲੀ ਲਾਂਵ ਪ੍ਰਭ ਪੜ੍ਹਿਓ 176
ਪਤਿਤ ਪਾਵਨ ਪ੍ਰੀਤਮ ਗੋਸਾਂਈ 234
ਪ੍ਰਭ ਸੁਖਦਾਈ ਸਤਿਗੁਰ ਦਿਆਲ 237
ਪ੍ਰਭ ਜੀਓ ਮੈਂ ਆਇਓ ਸ਼ਰਣ ਤੁਮਾਰੀ 238
ਪ੍ਰਭ ਜੀਓ ਮੋਹੇ ਨਾਮ ਦੀਜੋ 293
ਪ੍ਰਭ ਜੀਓ ਮਨ ਚਾਓ ਲਾਗਾ ਹੈ 147
ਪ੍ਰਭ ਦਰਗਾਹੇ ਸੰਤ ਕੀ ਸੋਭਾ 57
ਪੰਚ ਸਾ ਪੇ ਸਤਿਗੁਰ ਸੇਵਾ 233
ਪੰਚ ਸਾ ਪੇ ਜਾਊਂ ਕੁਰਬਾਨ 234
ਪੰਚ ਤਨ ਕੀਓ ਪਰਧਾਨਾ 235
ਪੰਚਮ ਬਸਤ ਪੰਚ ਵਿਕਾਰ 236
ਪੀੜ ਪਤਿਤ ਪਾਵਨ ਪ੍ਰਿਤਪਾਲ 239

(ਫ)

ਫਿਰਤ ਫਿਰਤ ਦਰ ਦਰਵੱਜੇ 287

(ਬ)

ਬਹੁਮੁੱਲਾ ਰੇ ਭਾਈ 266
ਬਨਵਾਰੀ ਬਨਵਾਸੀ ਰਾਮ ਸ਼ਾਮ ਗੋਬਿੰਦਾ 148
ਬਲਬਾਵਨ ਬਲਰਾਮ ਗੁਸਈਆਂ 294
ਬਾਰਾਂ ਮਾਹਾ 149
ਬੰਧਨ ਮੁਕਤ ਹਰਿ ਦਰਸ਼ਨ ਕਉ 240
ਬਿਨ ਹਰਿ ਭਜਨ ਰੰਗ ਰਸ ਜੇਤੇ 292
ਬਿਨ ਮਾਂਗੇ ਸਭ ਕਿਛ ਦੀਓ 241
ਬੇ-ਡਰ ਬੇ-ਵੈਰੀ 154

(ਭ)

ਭਗਤ ਕਮਾਈ ਠਾਕੁਰ ਤੁਧ ਤੇ ਪਾਈ 155
ਭਗਤਿ ਕਮਾਈ ਗੁਰ ਤੁਝ ਤੇ ਪਾਈ 156
ਭਜ ਮਨ ਬਾਵਰੇ ਭਜ ਮਨ ਨਾਮ 26
ਭਰੋਸਾ ਰੱਖ ਗੁਰੂ ਆਪਣੇ ਤੇ 157
ਭਲੇ ਚੰਗੇ ਪ੍ਰਿਤਪਾਲ ਠਾਕੁਰ ਜੀਓ 158
ਭਾਈ ਰੇ ਕਾਹੇ ਰੇ ਮਨ ਡੋਲੇ 295

(ਮ)

ਮਹਾਦੇਵ ਗੁਰੂ ਬ੍ਰਹਮਾ ਵਿਸ਼ਨੂੰ 159
ਮਨ ਤੂੰ ਕਾਹੇ ਕਰੇ ਚਤੁਰਾਈ 297
ਮਨ ਮੇਂ ਪਿਆਸ ਨਿੱਤ ਸਤਾਵੇ 300
ਮਨਮੁਖ ਉਪਜੇ ਪੰਚ ਵਿਕਾਰਾ 298
ਮਨਮੁਖ ਮਨ ਹੋਵੇ ਪਰਧਾਨ 299
ਮਾਨਸ ਜਨਮ ਪਾਇਆ ਹੈ ਤੋ 242
ਮਿਹਰਬਾਨ ਮਿਹਰਬਾਨ ਮਿਹਰਬਾਨ 161
ਮਿੱਠਤ ਮੀਠੇ ਮਨਮੋਹਨ ਪਿਆਰੇ 301
ਮਿੱਠ ਬੋਲੜਾ ਹਰਿ ਹਰਿ ਹਰਿ ਹਰਿ ਸਾਜਨ 160
ਮਿੱਠ ਬੋਲੜਾ ਤੂੰ ਸਾਜਨ ਪਿਆਰਾ 243
ਮਿਲ ਮੇਰੇ ਠਾਕੁਰ ਰਾਮ ਰਘੁਰਾਈ 302
ਮੁਕਟਧਾਰ ਗਿਰਧਾਰੀ ਮੁਰਾਰੀ 162
ਮੁਝ ਮਹਿ ਤੁਝ ਮਹਿ ਭੇਦ ਨਾਹੀ 163
ਮੇਘ ਬਰਸ ਮੇਘਰਾਜ ਮੇਰੇ 244
ਮੇਰਾ ਸਾਜਨੜਾ ਹਰਿ ਸਾਜਨੜਾ 245
ਮੇਰਾ ਗੋਬਿੰਦ ਸੁੰਦਰ ਮੈਂ ਖੜੀ ਨਿਮਾਣੀ 164
ਮੇਰਾ ਮਨ ਤ੍ਰਿਪਤ ਅਘਾਈ 246
ਮੇਰਾ ਮਾਣ ਭੀ ਤੂੰ ਮੇਰਾ ਤਾਣ ਭੀ ਤੂੰ 165
ਮੇਰਾ ਮਾਣ ਭੀ ਤੂੰ ਮੇਰਾ ਤਾਣ (ਮਾਣ ਤਾਣ) 247

ਧੰਨ ਨਾਨਕ


ਮੇਰੇ ਸਤਿਗੁਰੂ ਸਭਨਾ ਟੇਕ ਤੁਮਾਰੀ 166
ਮੇਰੇ ਸਤਿਗੁਰ ਕਿਰਪਾ ਕੀਜੈ 248
ਮੇਰੇ ਸਾਜਨ ਸੋਹਣੇ ਸੁਹੇਲੜੇ 167
ਮੇਰੇ ਗੁਰੂ ਗੰਭੀਰ ਗੁਣਿਆਰ ਬਿਧਾਤੇ 249
ਮੇਰੇ ਪੀਆ ਵਸੇ ਪਰਦੇਸ ਸਖੀ 303
ਮੇਰੇ ਮਨ ਹਰਿ ਪ੍ਰੀਤ ਕਰ ਐਸੀ 249
ਮੇਰੇ ਮੀਤ ਪਤਿਤ ਪਾਵਨ ਸੁੱਖ ਸਾਗਰ ਜੀਓ 304
ਮੇਰੇ ਪਤਿਤ ਪਾਵਨ ਪੀਆ ਮਨ ਭਾਏ 250
ਮੇਰੇ ਠਾਕੁਰ ਗੋਬਿੰਦ ਰਾਮ ਜੀਓ 167
ਮੇਰੇ ਠਾਕੁਰ ਭਇਓ ਕਿਰਪਾਲ ਜੀਓ 168
ਮੇਰੇ ਠਾਕੁਰ ਠਾਠ ਰਚਾਇਆ 177
ਮੇਰੇ ਠਾਕੁਰ ਰਾਮ ਗੋਪਾਲ 169
ਮੇਰੇ ਰਾਮਾ ਮੇਰੇ ਕ੍ਰਿਸ਼ਨਾ 170
ਮੇਰੋ ਰਾਮ ਰਮਈਆ ਤੇਰਾ ਅੰਤ ਨਾ ਜਾਣਾ 172
ਮੈਂ ਸਿੰਬਲ ਦਾ ਰੁੱਖ ਵੇ ਸੱਜਣਾ 305
ਮੈਂ ਗਰੀਬ ਦਾਸ ਤੁਮਾਰਾ 251
ਮੈਂ ਤਾਂ ਜਾਣਾ ਏਕੋ ਦਾਤਾ 306
ਮੈਂ ਤੇਰੇ ਗੁਣ ਗਾਵਾਂ 173
ਮੈਂ ਤੁਧ ਪ੍ਰੀਤ ਲਗਾਈ 227
ਮੈਂ ਨਿਮਾਣੀ ਕਰਮਹੀਨ 307
ਮੈਂ ਨਿਮਾਣੀ ਕਰਾਂ ਅਰਜੋਈ 308
ਮੈਂ ਨਿਮਾਣੀ ਮਾਣ ਕਰੇਸਾਂ 309
ਮੈਂ ਮੂਰਖ ਕੀ ਗਤ ਨਹੀਂ ਕੋਈ 311
ਮੋਹੇ ਆਪਣਾ ਨਾਮ ਦੇਓ 252
ਮੋਹੇ ਦਰਸ਼ਨ ਕੀ ਪਿਆਸ ਰੇ 274
ਮੱਕੇ ਹੱਜ ਗੁਜਾਰਨ ਮੋਮਨ 312

(ਰ)


ਰਾਖ ਲੇਓ ਰਾਖਨਹਾਰ ਸੁਆਮੀ 127

ਰਾਜੇ ਰਾਜ ਕਮਾਂਵਦੇ 314

ਰਾਮ ਸਿਮਰ ਮਨ ਮੇਰੇ ਸ਼ਬਦ ਅਘਾਈ 253

ਰਾਮ ਨਾਮ ਕੀ ਮਹਿਮਾ ਨਿਆਰੀ 56

ਰਾਮ ਭਜ ਮਨ ਬਾਵਰੇ 315

ਰਾਮਾ ਤੁਧ ਬਿਨ ਨਾ ਕੋ ਸਹਾਈ 316

ਰੇ ਮਨ ਅਨਹਦ ਸ਼ਬਦ ਪਛਾਣ 174

ਰੱਖਣ ਰੋਜੇ ਮਨਾਵਣ ਈਦਾਂ 313


(ਲ)


ਲਾਲ ਦੀਜੈ ਹਰਿ ਨਾਮ ਦਾਤਾਰੈ 175

ਲਾਲ ਰੰਗੀਲੇ ਪ੍ਰਿਤਪਾਲ ਹਰਿ ਰਾਇ 191

ਲਾਵਾਂ (ਸਹਿਕਾਰ) 176

ਲੋਗਨ ਕੀ ਹੈ ਬਾਤ ਨਿਰਾਲੀ 317

ਲੋਚਦਾ ਏ ਮਨ ਮੇਰਾ 257


(ਵ)


ਵਿਸਰੈ ਨਾ ਮਨ ਪ੍ਰੀਤ ਤੁਮਾਰੀ 180


(ਸ਼)


ਸ਼ਰਨ ਪੜੇ ਦੋਏ ਹੱਥ ਜੋੜ 199

ਸ਼ਰਣ ਪੜੇ ਦੋਏ ਹੱਥ ਜੋੜ ਸੁਣ ਲਓ 265

ਸ਼ਿਵ ਸ਼ਕਤੀ ਬਿਨ ਚਲੇ ਨਾ ਖੁਦਾਈ 113

ਧੰਨ ਨਾਨਕ

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨਾਨਕ ਸੱਚ ਹੈ, ਨਾਨਕ ਹੈ ਭੀ ਸੱਚ,
ਨਾਨਕ ਸੱਚ ਹੈ ਨਾਨਕ ਸਦਾ ਹੀ ਸੱਚ॥

ਧੰਨ
ਨਾਨਕ

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

## ਅਰਜੋਈ ਨਿਰਾਧਾਰ

ਹੇ ਦਾਤਾ,

ਪਹਿਲੀ ਉਪਮਾ ਤੇਰੀ ਦਾਤਾ, ਦੂਜੀ ਤੇਰੀ ਖ਼ੁਦਾਈ,
ਤੀਜੀ ਤੇਰੀ ਓਟ ਆਸਰਾ, ਚੌਥੀ ਰਹਿਨੁਮਾਈ,
ਪੰਚ ਘਰੋਂ ਸੋ ਤੇਰਾ ਮਾਣ, ਪੰਚਮ ਸਾਂਝ ਜਗਾਈ,
ਮੈਂ ਨੀਚ ਤੇਰੇ ਦਾਸ ਕੋ ਦਾਸਾ, ਧੰਨ ਨਾਨਕ ਸਭ ਤੇਰੀ ਵਡਿਆਈ॥

ਪੰਨ
ਨਾਨਕ

# ਆਦਿਮਣੀ

ਧੰਨ
ਨਾਨਕ

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਾਧ ਸੰਗ ਜਿਸ ਹਰਿ ਹਰਿ ਧਿਆਇਆ।
ਦਰਸ਼ਨ ਅਗੰਮ ਰੂਪ ਜਗ ਮਾਹਿ ਸਮਾਇਆ॥

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਉੱਤਮ ਨਾਮ ਤੁਮਾਰਾ ਮਾਧੋ, ਸਭ ਮਾਹਿ ਸਮਾਇਆ॥
ਗੁਣ ਨਾਹੀ ਮੋਹੇ ਠਾਕੁਰ, ਮਨ ਤੁਧ ਸੰਗ ਸਿਤਲਾਇਆ॥
ਹਰਿ ਗੋਬਿੰਦ ਪੂਰਾ ਪ੍ਰਭ ਆਪੇ, ਹਰਿ ਸਾਜਨ ਅੰਮ੍ਰਿਤ ਨਾਮ ਕਮਾਇਆ॥
ਕਾਮਨ ਕਾਇਆ ਕੰਤ ਪਿਆਰੀ, ਗੁਰ ਪੂਰੇ ਮੇਲ ਮਿਲਾਇਆ॥
ਨਾਨਕ ਪ੍ਰਭ ਦਰਸ ਦੀਜੀਏ, ਜਨ ਦਰਸ਼ਨ ਸੁੱਖ ਨਿਹਾਇਆ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਅਠਸਠਿ ਤੀਰਥ ਕਾ ਵਰਦਾਨ,
ਦਰਸ਼ਨ ਸੱਚਖੰਡ ਨਾਨਕ ਧਾਮ, ਕਲਿ ਮਹਿ ਹੈ ਪ੍ਰਧਾਨ,
ਸਰ ਸਰੋਵਰ ਕਰੋ ਇਸ਼ਨਾਨ, ਨਿਸ ਦਿਨ ਸੱਚਖੰਡ ਨਾਨਕ ਧਾਮ॥
ਸਤਿਗੁਰ ਮੇਰੇ ਸੁਣੋ ਅਰਜੋਈ, ਮੋਕੋ ਦਾਨ ਦੀਜੈ ਹਰਿ ਨਾਮ॥
ਭਜ ਮਨ ਬਾਵਰੇ ਭਜ ਮਨ ਨਾਮ, ਕੋ ਕਾਮ ਨਹੀਂ ਤਨ ਕੋ ਚਾਮ॥
ਭੋਰ ਭਈ ਔਰ ਨਰ ਨਹੀਂ ਜਾਗਾ, ਦਿਨ ਦਿਨ ਪਲ ਪਲ ਭਈ ਸ਼ਾਮ॥
ਬਿਨ ਸਿਮਰਨ ਜਮ ਕਾ ਭਓ ਲਾਗੇ, ਸਗਲ ਜਹਾਂ ਕੇ ਬਿਰਥੇ ਕਾਮ॥
ਦਰਸ਼ਨ ਕੋ ਕਾਹੂ ਕੋ ਨਾਹੀ, ਵਸਤੂ ਪਰਾਈ ਜਾਣ ਤਮਾਮ॥ (ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਅਮਾਵਸ ਇਸ਼ਨਾਨ ਉੱਤਮ ਭਇਓ, ਤਨ ਮਨ ਧਨ ਗੁਰ ਚਰਨੀ ਥੀਓ॥

ਜਨਮ ਜਨਮ ਕੇ ਪਾਪ ਮਿਟੈ ਹੋਵੈ ਦੂਰ ਹਨੇਰਾ,
ਜੋ ਜਨ ਗੁਰ ਕੀ ਸ਼ਰਨੀ ਪਰਿਓ ਪਾਵੈ ਸੁੱਖ ਘਨੇਰਾ॥
ਜਪ ਤਪ ਦਾਨ ਪੁੰਨ ਫਲ ਮਿਲਿਓ ਗੁਰ ਸੇ ਭਾਈ,
ਹਉਮੈ ਮਾਰ ਹੰਕਾਰ ਤਜ ਮਨ ਕੀ ਮੈਲ ਗਵਾਈ॥
ਸਭੈ ਇਛਾਂ ਪੂਰੀਆਂ ਜਬ ਹੋਏ ਸਤਿਗੁਰ ਦਇਆਲ,
ਗੁਰ ਕੀ ਮਹਿਮਾ ਕਥੀ ਨਾ ਜਾਏ ਅੰਗ ਸੰਗ ਚਲੇ ਨਾਲ॥

ਗੁਰ ਕੇ ਬਚਨ ਮੰਨ ਮੇਰੇ ਜੀਆ ਹਰਿ ਕੋ ਹਿਰਦੇ ਵਸਾਊਂ,
ਦਰਸ਼ਨ ਕਹੇ ਸੁਣ ਮੇਰੇ ਚੀਤਾ ਮੁਕਤੀ ਕਾ ਵਰ ਪਾਊਂ॥

(ਯਕੀਨ)

(ਦੋਹਾ)

ਆ ਅੱਲਾ, ਆ ਰਾਮ ਆਤਾ ਹੈ, ਅੱਲਾ ਤੋ ਆ ਜਾਤਾ ਹੈ,
ਅਗੰਮ ਆ ਈਹਾਂ ਆ ਉਹਾਂ ਇੱਕ ਓਂਕਾਰ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਅਲੱਖ ਨਾਰਾਇਣ ਨਿਰੰਜਨ ਮੇਰੇ ਰਾਮ, ਕਾਟੋ ਬੰਧਨ ਮੇਰੇ ਪੁਰਖ ਸੁਜਾਨ॥
ਤੁਧ ਆਗੇ ਅਰਜੋਈ ਹਮਾਰੀ, ਦਾਸ ਕਰੋ ਪਰਵਾਨ॥
ਸਿਮਰੇ ਨਾਮ ਤੁਮਾਰਾ ਮੇਰੇ ਠਾਕੁਰ ਲੱਖ ਚੁਰਾਸੀ ਕੱਟੇ ਜਾਣ॥
ਦਰਸ ਦਿਓ ਮੇਰੇ ਤੀਰ ਤੂਕੜੀ ਸੁਲਤਾਨ॥
ਤੁਮ ਮੇਰੇ ਪਿਤਾ ਪਰਮੇਸ਼ਰ ਗੋਬਿੰਦ ਭਗਵਾਨ॥
ਤਰੇ ਤਿਰਲੋਚਨ ਸਿੱਖ ਕੀ ਨਿਆਈ, ਗੁਰੂ ਚੇਲਾ ਇਕ ਸਮਾਨ॥
ਬਚਨ ਮੰਨ ਮੇਰੇ ਭਾਈ ਦਰਸ਼ਨ ਪ੍ਰੀਤ ਤੁਧ ਸੰਗ ਲਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਪਦਮ ਪੰਚਮਣੀ)

ਅੰਮ੍ਰਿਤ ਪੀਓ ਜੁਗ ਜੁਗ ਜੀਓ, ਯਸ਼ ਯਸ਼ਵੰਤੀ ਹਰਿ ਚਰਣੀ ਥੀਓ॥
ਥਾਨ ਥਨੰਤਰ ਵਸੈ ਬੈਕੁੰਠ ਵਾਸੀ, ਚਵਰ ਛਤਰ ਨਾਥ ਵਿਸ਼ਸ਼ ਦੀਓ॥
ਲੱਖਾਂ ਹੂਰਾਂ ਲੱਖਾਂ ਇੰਦਰ, ਸੇਵ ਕਰੇਂਦੇ ਲੱਖ ਸੂਰਜ ਚੰਦਰ॥
ਲੱਖਾਂ ਦੇਵੀਆਂ ਕੋਟੀ ਦੇਵਤੇ, ਲੱਖ ਕੋਟੀ ਸੇਵਨ ਪੀਰ ਪੈਗੰਬਰ॥
ਲੱਖਾਂ ਅਹਿੱਲਿਆ ਲੱਖਾਂ ਗੌਤਮ, ਹੱਥ ਜੋੜ ਖੜੇ ਲੱਖਾਂ ਗੋਰਖ ਮਛੰਦਰ॥
ਬ੍ਰਹਮਾ ਮਹੇਸ਼ ਵਿਸ਼ਨੂੰ ਜਪਤੇ, ਭੇਖ ਵੇਸ ਤਨ ਧਾਰ ਕਲੰਦਰ॥
ਕਹੁ ਦਰਸ਼ਨ ਚਰਨਾਮਤ ਲੀਓ, ਤਨ ਮਨ ਧਨ ਸਭ ਪ੍ਰਭ ਕੋ ਦੀਓ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਅੰਮ੍ਰਿਤਧਾਰਾ ਬਰਸੈ ਮਨਵਾ, ਕਰਲੇ ਤੂੰ ਇਸ਼ਨਾਨ,
ਜਨਮ ਜਨਮ ਕੇ ਧੁਲ ਜਾਏਂਗੇ ਤੇਰੇ ਪਾਪ ਤਮਾਮ, ਭਜਲੇ ਰਾਮ, ਭਜਲੇ ਰਾਮ॥
ਰੋਮ ਰੋਮ ਮੇਂ ਰਮ ਜਾਏ ਜੋ, ਵੋ ਹੈ ਰਾਮ ਕਾ ਨਾਮ,
ਸ਼ਰਧਾ ਸੇ ਤੂੰ ਧਿਆਲੇ ਪਿਆਰੇ, ਪੂਰਨ ਹੋਂਗੇ ਕਾਮ॥
ਰਾਮ ਨਾਮ ਸੇ ਪੱਥਰ ਤਰ ਗਏ, ਰਾਮ ਹੈ ਤਾਰਨਹਾਰ,
ਰਾਮ ਨਾਮ ਕੀ ਮਹਿਮਾ ਨਿਆਰੀ, ਪੂਜੇ ਕੁੱਲ ਜਹਾਨ॥
ਰਾਮ ਹੈ ਵਿਸ਼ਨਵ ਰਾਮ ਮਹੇਸ਼, ਰਾਮ ਹੈ ਬ੍ਰਹਮ ਗਿਆਨ,
ਜੋ ਜਨ ਸਿਮਰੇ ਸੱਚੇ ਹਿਰਦੇ, ਦਰਸ਼ਨ ਦੀਓ ਰਾਮ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਅੰਮ੍ਰਿਤ ਨਾਮ ਸਿਮਰ ਮਨ ਮੇਰੇ, ਨਾਨਕ ਅਪਣੀ ਮਿਹਰ ਕਰੀਜੈ॥
ਨੈਨ ਤਰਸ ਭਇਓ ਦਰਸ ਤੁਮਾਰੇ, ਰਾਮ ਰਾਜੇ ਦੁੱਖ ਕਾਟੋ ਹਮਾਰੇ॥
ਹਮ ਨਾ ਜਾਨੋ ਤੇਰੀ ਮਾਇਆ, ਮੇਘ ਰਾਜ ਹੁਕਮ ਫੁਰਮਾਇਆ॥
ਸੰਤ ਸਹਿਜ ਸਦ ਅਟੱਲ ਦਿਆਲ, ਹੋਏ ਮੇਰੇ ਠਾਕੁਰ ਨੰਦ ਗੋਪਾਲ॥
ਗੋਬਿੰਦ ਦੇਖ ਦਰਸ ਤਿਹਾਰੇ, ਨਿੱਤ ਦਿਨ ਦਰਸ਼ਨ ਨੀਚ ਤੁਝੇ ਪੁਕਾਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਅੱਖਾਂ ਦਾ ਤੱਕਣਾ ਕਾਮ ਦੀ ਹੈ ਭਾਵਨਾ,
ਕੰਨਾ ਦਾ ਏ ਸੁਨਣਾ, ਰੂਪ ਹੈ ਸ਼ੈਤਾਨ ਦਾ॥
ਨੱਕ ਦਾ ਏ ਸੁੰਘਣਾ ਗੁਣ ਪਸੂ ਮਾਲ ਦਾ,
ਸਵਾਦਾਂ ਦਾ ਏ ਚੱਖਣਾ ਰਸ ਹੈ ਜੁਬਾਨ ਦਾ॥
ਸਰੀਰ ਦੀ ਏ ਗਰਮੀ ਸਬੂਤ ਹੈ ਹੰਕਾਰ ਦਾ,
ਮਨੁੱਖ ਦੀ ਏ ਸੋਚ ਸੱਪ ਤੇ ਬਾਂਦਰੀ ਦੀ ਚਾਲ ਦਾ॥
ਸਭੇ ਗੱਲਾਂ ਸਿੱਧੀਆਂ ਤੇ ਸੱਚੀਆਂ ਨੇ ਜਾਪਦੀਆਂ,
ਦਰਸ਼ਨ ਦੀਆਂ ਬੁਝਾਰਤਾਂ ਸਾਹਿਬ ਤੇ ਜਨਾਬ ਦੀਆਂ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਆਪੇ ਆਪਣੇ ਆਪ ਕਾਜ ਸਵਾਰੇ, ਹਰਿ ਸਾਜਨ ਮੀਤ ਪਿਆਰੇ॥
ਆਪੇ ਸਾਜੇ ਆਪ ਨਿਵਾਜੇ, ਮੇਰੇ ਸਤਿਗੁਰੂ ਨੰਦ ਗੋਪਾਲਾ॥
ਗੁਰ ਪੂਰਾ ਪ੍ਰਾਣ ਅਧਾਰਾ, ਤਿਸ ਸਤਿਗੁਰ ਕੋ ਨਮਸਕਾਰਾ॥
ਹਰਿ ਰਾਖੋ ਮੈਂ ਬੰਦਾ ਤੁਮਾਰਾ, ਬਿਨ ਨਾਮੈ ਨਾ ਹੋਸੀ ਪਾਰ ਉਤਾਰਾ॥
ਗੁਰੂ ਵੱਡਾ ਗੁਰੂ ਗੋਬਿੰਦ, ਦਰਸ ਪੇਖ ਉਤਰੇ ਚਿੰਦ॥
ਏਕੋ ਬਣਤ ਬਾਣੀ ਬਣ ਆਈ, ਦਰਸ਼ਨ ਗੁਰ ਪੂਰੇ ਗੋਬਿੰਦ ਗੋਸਾਈਂ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਏਕੋ ਸਭਨਾ ਦਾ ਦਾਤਾ, ਏਕੋ ਹੈ ਪੁਰਖ ਬਿਧਾਤਾ॥
ਏਕੋ ਕਾ ਸਗਲ ਸੰਸਾਰਾ, ਏਕੋ ਜਗ ਮਾਹਿ ਨਿਆਰਾ॥
ਏਕੋ ਸ਼ਬਦ ਨਾਮ ਖੁਮਾਰੀ, ਏਕੋ ਹਰਿ ਪ੍ਰੀਤ ਨਿਆਰੀ॥
ਏਕੋ ਨਾਮ ਹਿਰਦੇ ਵਸਾਊਂ, ਏਕੋ ਸੰਗ ਪਰਮ ਪਦ ਪਾਊਂ॥
ਏਕੋ ਗੁਣੀ ਨਿਧਾਨ ਬਿਧਾਤਾ, ਏਕੋ ਦਰਸ਼ਨ ਸਭ ਕਾ ਦਾਤਾ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਇੱਕੋ ਦਾਤਾ ਇੱਕੋ ਉੱਮਤ, ਭਿੰਨ ਭੇਦ ਨਾਹੀ ਕੋਏ॥
ਭੇਖ ਉਤਾਰਨ ਵੇਸ ਸਵਾਰਣ, ਪ੍ਰਭ ਸਹਾਈ ਆਪੇ ਹੋਏ॥
ਏਥੇ ਓਥੇ ਰਹੇ ਨਿਆਰਾ, ਭਗਤ ਵਸਲ ਕਿਰਪਾ ਸੋਏ॥
ਸੱਚੀ ਸਾਂਝੀ ਸੋਭਾ ਉਸਦੀ, ਦਰਸ਼ਨ ਕਾਰਜ ਹਰਿ ਸੰਗ ਖਲੋਏ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਏਕ ਉਪਰ ਓਂਕਾਰ ਸਜਾਇਆ, ਸਤਿਨਾਮ ਦਾ ਜਾਪ ਕਰਾਇਆ॥
ਤਿਸ ਕੀ ਸੁਣੀ ਵਡਿਆਈ, ਆਪੇ ਆਪ ਹਰਿ ਸਿਉ,
ਹਰਿ ਜਨ ਸੇਵ ਕਮਾਈ॥
ਗੁਰੂ ਮਿਲਿਆ ਵਡਭਾਗ ਸੇਤੀ, ਹਰਿ ਜਨ ਜੋਤੀ ਜੋਤ ਸਮਾਇਆ॥
ਆਪ ਨਾਰਾਇਣ ਨਰ ਬਣ ਆਇਆ,
ਚਾਰ ਕੁੰਟ ਦਸ ਦਿਸਾ ਤਾਰੇ ਖੁਦਾਇਆ॥
ਨਾਨਕ ਨਾਮ ਕਲਿਜੁਗ ਕਲਿ ਮਾਹਿ,
ਦਰਸ਼ਨ ਦਾਸ ਜੁਗ ਜੁਗ ਰਹਿਆ ਸਮਾਇਆ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਏਕ ਓਂਕਾਰ ਰਾਓਂਕਾਰ ਸੈਭੰ ਸਤਿਨਾਮ,
ਸਤਿਗੁਰ ਸਮੁੰਦ ਹਰਿ ਨਾਮ ਸਮਾਏ॥
ਦਾਨ ਦੇਓ ਨਾਮ ਭਗਤਨ ਕੋ,
ਜਿਸ ਸੰਗ ਪੰਚ ਦੁਸ਼ਟ ਭਰਮ ਛੂਟ ਜਾਏ॥
ਏਕ ਓਂਕਾਰ ਰਾਓਂਕਾਰ ਸਤਿਨਾਮ ਜੋਤ ਨਿਰੰਜਨ,
ਪ੍ਰਭ ਅਬਿਨਾਸੀ ਅੰਤਰਯਾਮੀ, ਦਰਸ਼ਨ ਦਾਸ ਤੇਰੀ ਸ਼ਰਨਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਏਕ ਘੜੀ ਸਾਧ ਸੰਗ ਹਰਿ ਪਲ ਨਿਭਸੀ ਨਾਲ,
ਮਿਲਿਆ ਹਰਿ ਪ੍ਰਭ ਠਾਕੁਰ ਜੀਓ॥
ਸ਼ਬਦ ਜਪਿਆਂ ਅੰਤਰ ਉਪਜੈ ਪਰਗਾਸ॥
ਅਗਮ ਜੋਤ ਹਰਿ ਜਨ ਹਰਿ ਚਿੱਤ ਨਿਰੰਜਨ ਵਾਸ॥
ਹਰੀ ਦਾਸ ਆਪੇ ਤੂੰ ਦਾਸਨ ਕੋ ਦਾਸ, ਸੰਤ ਸੱਚ ਨਾਮ ਰਸ॥
ਰਸਨਾ ਜੈ ਜੈ ਕਰਿਓ ਕਾਰ, ਗੁਰੂ ਗੋਬਿੰਦ ਗੁਰੂ ਨਾਰਾਇਣ ਜੀਓ॥
ਗੁਰੂ ਪਾਰਬ੍ਰਹਮ ਗੁਰੂ ਨਾਨਕ ਰਹਿਓ ਹਰ ਥਾਂਈ॥
ਦਰਸ਼ਨ ਗੁਰੂ ਭੇਟਿਓ ਆਪਣਾ, ਛੂਟੀ ਜਮ ਕੀ ਫਾਹੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਹਿਜ ਸੁੱਖ ਸੁਨੇਦੜੇ ਸਤਿਗੁਰ,
ਸੱਚ ਸੰਤੋਖ ਦਇਆ ਨਾਮ ਚਹੁੰ ਧਰਮਾਂ ਦੇ ਸਾਂਈ॥
ਏਕੋ ਵਰਨ ਏਕੋ ਧਰਮ ਏਕੋ ਕਰਮ ਗੁਸਾਂਈ ਤੂੰ ਸਭਨੀ ਥਾਂਈ॥
ਸਿਰਜਨਹਾਰ ਸੱਚੇ ਪਾਤਸ਼ਾਹ ਸੱਚ ਤਪਸਿਆ ਸੱਚ ਚੰਦਰਮਾਏ,
ਦਿਸੇ ਨਾਹੀ ਦਿਸਾਏ॥
ਸਿਦਕ ਭਇਓ ਹਰਿ ਅਰਜਨ ਕੋ ਸ਼ਹਾਦਤ ਸਿਰ ਦੀਜੈ,
ਗੁਰੂ ਤੇਗ ਬਹਾਦੁਰ ਪਿਤਾ ਗੋਬਿੰਦ ਰਾਇ, ਜਿਨਹੀ ਦੀਓ ਪੰਥ ਖਾਲਸਾਇ॥

ਸੱਚ ਸਿਦਕ ਸਰਬੱਤ ਸਾਧ ਸੰਗਤ ਸ਼ਹਾਦਤ ਸਿੰਘ ਜੋ ਬਣ ਜਾਏ,
ਭੂਲ ਗਿਓ ਵਚਨ ਗੁਰੂਵਨ ਕੇ ਦੀਓ ਫਿਰ ਸਮਝਾਇ॥
ਦਾਸ ਧਰਮ ਚਲਿਓ ਫਿਰ ਕਲਿ ਮਾਹਿ,
ਜਿਸ ਦੇ ਸਾਂਈ ਦਰਸ਼ਨ ਅਗਮ ਗੋਸਾਂਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਗਲ ਧਰਤ ਤੁਮਾਰੀ ਰਾਮ ਜੀਓ, ਹਮ ਭਇਓ ਕੀਟ ਪਤੰਗਾ॥
ਤੁਧ ਆਗੇ ਅਰਜੋਈ ਹਮਾਰੀ, ਕਾਟੋ ਜਮ ਕਾ ਫੰਧਾ॥
ਨਿਰਗੁਣ ਸਰਗੁਣ ਰਾਮ ਮੇਰੋ ਭਾਈ, ਪਾਪ ਪ੍ਰਭ ਬਖਸ਼ੰਦਾ॥
ਕਰੋ ਚਾਕਰੀ ਆਪਣੇ ਸਤਿਗੁਰੂ ਪਿਆਰੇ,
ਦਰਸ਼ਨ ਰਾਮ ਤੇਰੇ ਕਾਜ ਸਵਾਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿ ਨਾਰਾਇਣ ਸਤਿ ਸਿੰਗਾਰੀ, ਸਰਸਵਤੀ ਮਾਂ ਆਦਿ ਨਮੈਂ॥
ਸ਼੍ਰੀ ਲਕਸ਼ਮੀ ਬਲਬਾਵਨ ਭਇਓ, ਆਦਿ ਨਾਰਾਇਣ ਪੂਰਨ ਕੀਓ॥
ਸ਼੍ਰੀ ਲਕਸ਼ਮੀ ਨਾਮ ਮਾਇਆ ਨਾਹੀ, ਸ਼੍ਰੀ ਲਕਸ਼ਮੀ ਨਾਮ ਮਾਤ ਜਵਾਲਾ॥
ਸ਼੍ਰੀ ਲਕਸ਼ਮੀ ਆਸਨ ਜਗਦੀਸ਼ ਮਹਿ ਬੈਠਿਓ, ਲਕਸ਼ਮੀ ਜਗ ਕੀ ਬਾਲਾ॥
ਓੁਂਕਾਰ ਨਿਰਾਧਾਰ ਨਿਰਾਕਾਰ ਸੁਆਮੀ, ਹਰਿ ਆਪਿ ਅੰਤਰਯਾਮੀ॥
ਧੰਨ ਗੋਬਿੰਦ ਠਾਕੁਰ ਤੁਮ ਪੂਰਣ ਪੁਰਖ ਅਬਿਨਾਸੀ, ਸੁਣੋ ਬੇਨਤੀ ਜਗਜੀਵਨ ਦਾਤਾ॥
ਹਰਿ ਆਪਿ ਤੂੰ ਪਿਤਾ ਮਾਤਾ ਮੋਹੇ ਗੁਣ ਨਾਹੀ ਕੋਇ, ਦਰਸ਼ਨ ਹਰਿ ਤੂੰ ਬੰਧਪ ਭ੍ਰਾਤਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਸੇਵਾ ਸਿੱਖ ਕਮਾਵੈ, ਸਤਿਗੁਰ ਸ਼ਰਣ ਪਰਮ ਪਦ ਪਾਵੈ॥
ਸਤਿਗੁਰ ਲੀਨ ਸਿੱਖ ਲਿਵ ਲਾਵੈ, ਸਤਿਗੁਰ ਸੋਭਾ ਸਿੱਖ ਜਨ ਪਾਵੈ॥
ਸਤਿਗੁਰ ਸਿੱਖ ਕਾਰ ਨਿਆਰੀ, ਸਤਿਗੁਰ ਸ਼ਬਦ ਸਿੱਖ ਨਾਮ ਖੁਮਾਰੀ॥
ਸਤਿਗੁਰ ਸਤਿ ਸਿੱਖ ਜੋ ਜਾਣੇ, ਸਤਿਗੁਰ ਸਿੱਖ ਸਦਾ ਅਨੰਦ ਮਾਣੈ॥
ਸਤਿਗੁਰ ਸਿੱਖ ਸਗਲ ਸੰਸਾਰ, ਦਰਸ਼ਨ ਜਨ ਤਿਸ ਕੋ ਸਦਾ ਨਮਸਕਾਰ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਸੋਭਾ ਜਗ ਸੇ ਨਿਆਰੀ, ਸਤਿਗੁਰ ਸੇਵਾ ਪ੍ਰਭ ਨਾਮ ਖੁਮਾਰੀ॥
ਸਤਿਗੁਰ ਸਫਲ ਮੂਰਤ ਅਕਾਲ, ਸਤਿਗੁਰ ਖਾਲਸ ਅਟੱਲ ਰਾਜ॥
ਸਤਿਗੁਰ ਸੁੰਨ ਸਮਾਧੀ ਓਂਕਾਰ, ਸਤਿਗੁਰ ਸੇਵਨ ਸੁਆਮੀ ਨਿਰਾਕਾਰ॥
ਸਤਿਗੁਰ ਤ੍ਰਿਲੋਕੀ ਪੂਰਨ ਕਾਜ, ਸਤਿਗੁਰ ਜੋਤੀ ਆਦਿ ਨਿਰਾਧਾਰ॥
ਸਤਿਗੁਰ ਉਪਦੇਸ਼ ਸ਼ਬਦ ਸਵਾਰੀ,
ਦਰਸ਼ਨ ਸਤਿਗੁਰ ਚਰਣ ਆਤਮ ਪਿਆਰੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਗੁਰੂ ਗਿਆਨ ਦੀਆ, ਗੁਰੂ ਹੁਕਮ ਮੰਨ ਮੇਰੇ ਜੀਆ॥
ਹੁਕਮੇ ਅੰਦਰ ਸੂਰਜ ਚੰਦ ਪਵਨ ਸਭ ਤਾਰੇ,
ਨਦਰ ਕਰੇ ਜੇ ਮੇਰੇ ਰਾਮ ਪਿਆਰੇ॥
ਕਰਾਂ ਅਰਜੋਈ ਮੇਰੇ ਸਤਿਗੁਰ ਦਰਸ ਦਿਓ ਖਸਮ ਹਮਾਰੇ,
ਨਾਨਕ ਕਹੇ ਬਿਨ ਹੁਕਮ ਨਾ ਤਰਸੈਂ ਹੁਕਮ ਮੰਨ ਪਿਆਰੇ॥
ਸੇਵਾ ਸੰਤਨ ਕੀ ਭਲੀ ਸੰਤ ਸੇਵ ਕਮਾਵੇ,
ਸੇਵਾ ਜਗਤ ਨਾ ਸੰਗ ਜਾਸੀ ਨਾਮ ਚਿੱਤ ਲਾਏ॥

ਨਾਮ ਸੋ ਜਨ ਸਿਮਰੇ ਦਰਸ਼ਨ ਜਿਨਹੇ ਗੁਰੂ ਜਨਾਏ,
ਦੁਨੀਆ ਦੇ ਵਾਲੀ ਰਾਮ ਦੀਆ ਸੁਗਰੀਵੇ ਰਾਜ,
ਦੈਂਤ ਦੁਸ਼ਟ ਮਾਰੇ ਬਾਲੀ ਮਾਰ ਦਿਖਾਏ॥

(ਯਕੀਨ)

ਸ਼ਲੋਕ

ਸਾਧ ਸੰਗ ਜਿਸ ਹਰਿ ਹਰਿ ਧਿਆਇਆ,
ਦਰਸ਼ਨ ਅਗੰਮ ਰੂਪ ਜਗ ਮਾਹਿ ਸਮਾਇਆ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਪ੍ਰਭ ਭੇਦ ਸਿਮਰਨ ਨਾਮ ਪਰੂਫ॥
ਸਤਿਗੁਰ ਸਾਰ ਸ਼ਬਦ ਸ਼ਰਣ ਮਖ਼ਲੂਕ,
ਸਤਿਗੁਰ ਪ੍ਰਭ ਅਬਿਨਾਸੀ ਨਿਰਵਾਨ ਸਰੂਪ॥
ਸਤਿਗੁਰ ਭਗਤੀ ਭਗਤ ਸੰਗ ਅਟੂਟ,
ਸਤਿਗੁਰ ਆਪ ਕਰਨੇਹਾਰ, ਦਰਸ਼ਨ ਭਵਜਲ ਪਾਰ ਉਤਾਰ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਪੂਰਾ ਆਰਾਧੀਐ, ਮਨ ਸ਼ਾਂਤ ਹੋ ਜਾਵੇ॥
ਸਤਿਗੁਰ ਪੂਰਾ ਭੇਟੀਐ, ਜਮ ਲਾਗੇ ਨਾ ਆਵੇ॥
ਸਤਿਗੁਰ ਸਾਜਨ ਹਰਿ ਪੂਰਾ, ਮੇਰੇ ਪ੍ਰਭ ਸੁਆਮੀ॥
ਸਤਿਗੁਰ ਗੁਰ ਮੇਲ ਮਿਲਾਇੰਦਾ, ਮੇਰੇ ਪ੍ਰਭ ਅੰਤਰਯਾਮੀ॥
ਸਭਹਿ ਜਗਤ ਸੁਖੀ ਖਾਵੇ ਔਰ ਸੋਵੇ,
ਦਰਸ਼ਨ ਨੀਚ ਦੁਖੀ ਜਾਗੇ ਔਰ ਰੋਵੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਪੂਰਨ ਪੁਰਖ ਸੁਜਾਨ, ਸਤਿਗੁਰ ਏਕੋ ਵੈਰੀ ਮੀਤ ਸਮਾਨ॥
ਸਤਿਗੁਰ ਸੁਭਾਗੇ ਜੀਵ ਜੰਤ ਧਿਆਨ,
ਸਤਿਗੁਰ ਆਦਿ ਜੁਗਾਦਿ ਮਿਹਰਬਾਨ॥
ਸਤਿਗੁਰ ਪੰਚ ਸ਼ਬਦ ਫੁਰਮਾਨ, ਸਤਿਗੁਰ ਸੁਰਤ ਧਨ ਰਹਿਮਾਨ॥
ਸਤਿਗੁਰ ਲੀਨ ਸੱਚ ਲਿਵਲਾਨ, ਸਤਿਗੁਰ ਸ਼ਾਹ ਸ਼ਾਹੀ ਸੁਲਤਾਨ॥
ਸਤਿਗੁਰ ਦਇਆ ਦਇਆਵੰਦ ਮਿਹਰਬਾਨ,
ਦਰਸ਼ਨ ਜਨ ਸਤਿਗੁਰ ਪਹਿ ਕੁਰਬਾਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰੂ ਜੀਓ ਮੇਰੇ ਪੂਰੇ ਹਰਿ ਰਾਇ॥
ਜਿਸ ਮੋਹੇ ਨਾਮ ਦੇਹੋ ਧਨ, ਅਪਨੀ ਮਿਹਰ ਦਰਸਾਏ॥
ਤਿਸ ਸਤਿਗੁਰੂ ਕਓ ਬਲਿਹਾਰੀ ਮੇਰੇ ਰਾਮਾ,
ਜਿਸ ਕਿਰਪਾ ਕੀਨੀ ਸਭਹਿ ਦੁੱਖ ਨੱਸ ਜਾਇ ਮੇਰੇ ਰਾਮਾ॥
ਸਤਿਗੁਰੂ ਮੇਰੇ ਅਗਮ ਅਗੋਚਰ ਠਾਕੁਰ,
ਜਿਸ ਡਿਠਿਆਂ ਮੋਹ ਮਾਇਆ ਛੂਟ ਜਾਏ॥
ਦਰਸ਼ਨ ਦਾਸ ਪ੍ਰਭ ਪੂਰਾ ਭੇਟਿਓ, ਪ੍ਰਭ ਕੇ ਗੁਣ ਹਿਰਦੇ ਵਸਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਿੱਖ ਸੋ ਜੋ ਖਿਮਾ ਵਿਚਾਰੇ, ਸਿੱਖ ਸੋ ਜੋ ਪਰਾਇਆ ਹੱਕ ਨਾ ਮਾਰੇ॥
ਸਿੱਖ ਸੋ ਜੋ ਖੋਹ ਕੇ ਨਾ ਖਾਵੇ, ਸਿੱਖ ਸੋ ਜੋ ਹੱਕ ਹਲਾਲ ਵਰਤਾਵੇ॥
ਸਿੱਖ ਸੋ ਜੋ ਲੋਭ ਨਾ ਭਾਵੇ, ਸਿੱਖ ਸੋ ਜੋ ਵੰਡ ਛਕਾਵੇ॥
ਸਿੱਖ ਸੋ ਜੋ ਸ਼ਬਦ ਮਨ ਆਵੇ, ਸਿੱਖ ਸੋ ਜੋ ਸਤਿਸੰਗਤ ਕਮਾਵੇ॥
ਸਿੱਖ ਸੋ ਜੋ ਸਤਿਗੁਰ ਸ਼ਰਨ ਲਿਵ ਲਾਵੇ,
ਸਿੱਖ ਸੋ ਜੋ ਆਪ ਜਪੇ ਅਵਰ ਜਪਾਵੇ॥
ਸਿੱਖ ਸੋ ਜੋ ਸਹਿਜ ਧਾਰੇ, ਸਿੱਖ ਸੋ ਜੋ ਦੁਸ਼ਟ ਮਨ ਮਾਰੇ॥
ਸਿੱਖ ਸੋ ਜੋ ਧਰਮ ਧਾਰੇ, ਕਹੁ ਦਰਸ਼ਨ ਸੀਸ ਦੇਹ ਸਿਦਕ ਨਾ ਹਾਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸੁਣੋ ਬੇਨਤੀ ਮੋਹੇ ਨਾਮ ਦੀਜੇ, ਮੋਹੇ ਮਨ ਕੀਜੋ ਪ੍ਰਭ ਵਾਸ॥
ਸੰਤ ਜਨ ਹਰਿ ਤੋਰੋ ਮੀਤ, ਸੰਤਨ ਕੀ ਪੈਜ ਰਾਖੋ ਪ੍ਰਭ ਆਪ॥
ਗੁਰੂ ਸੰਗ ਹੋਰ ਨਾਹੀ ਕੋਇ, ਸਤਿਗੁਰੂ ਸੰਗ ਸੇਵਾ ਸਫਲ ਹੋਇ॥
ਲਖਮੀ ਕੀ ਨਾ ਆਵੇ ਥੋੜ, ਕੀਜੇ ਦਇਆ ਦਰਸ਼ਨ ਕਹੇ ਹੱਥ ਜੋੜ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸੁਖਦਾਈ ਪ੍ਰਭ ਅਬ ਤਬ ਸਭ ਜਾਣੈ,
ਜਦ ਮਨ ਹਰਿ ਰਾਇ ਮਨ ਹਰ ਰੰਗ ਮਾਣੈ, ਮੁਖ ਤੋਂ ਇਹ ਸਮਝਾਈ॥
ਸਭ ਕਿਛ ਤੁਝ ਕੋ ਸੌਂਪਿਆ ਹਉ ਕੁਛ ਸੰਗ ਨਾ ਜਾਈ॥
ਭਇਓ ਪ੍ਰਿਤਪਾਲ ਸਤਿਗੁਰ ਦਿਆਲਾ,
ਇਹ ਸਭ ਮਨ ਜਾਈ,
ਤੂੰ ਸਭਨੀ ਥਾਂਈ ਦਰਸ਼ਨ ਹਉਂ ਜਿੱਥੇ ਜਾਂਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸੂਰਾ ਸੋ ਜਾਣਿਆ ਜਿਨ ਹਰਿ ਰੰਗ ਮਾਣਿਆ,
ਤੋਲਿਆ ਤੋਲਣਹਾਰ ਸੁਆਮੀ ਮਾਇਆ ਸੰਗ ਤੋਲਿਆ ਨਾ ਜਾਈ॥
ਪ੍ਰੇਮ ਭਿਉ ਕੰਤ ਰਾਧਾ ਪ੍ਰੇਮ ਸੰਗ ਤੁਲ ਜਾਈ,
ਆਪ ਸਮਾਣਾ ਆਪੇ ਸੁਜਾਨਾ ਤੁਝੇ ਧਿਆਨਾ ਮਹਾਂ ਸੁੱਖ ਪਾਣਾ, ਤੁਝੇ ਮਨ ਭਾਈ॥
ਬਿਨਾ ਪ੍ਰੇਮ ਨਾ ਕੰਤ ਭਇਉ ਤਨ ਮਨ ਧਨ ਸਭ ਛੂਟ ਜਾਈ॥
ਸੇਵਾ ਸਾਧ ਸੰਗ ਕੀਜੈ ਸਾਧੂ ਬਿਨਾ ਨਾ ਸਮਾਈ,
ਬਿਨ ਸਾਧੂ ਸਭ ਸੰਗ ਛੂਟ ਜਾਈ॥
ਸੰਗ ਜਾਸੀ ਪ੍ਰੇਮ ਪੀਆ ਦਾਨ ਦੀਨ ਦਇਆ ਦਾਤੇ,
ਦਰਸ਼ਨ ਅਗੰਮ ਮੁਕਤ ਪ੍ਰਭ ਸ਼ਰਣ ਪਾਈ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸੰਤਾਂ ਸਿਦਕ ਹਰਿ ਪੂਰਾ ਕੀਨਿਆ, ਪ੍ਰਭ ਸੰਗ ਜਪਿਓ ਨਾਓ ਜੀਓ॥
ਸਤਿਗੁਰੂ ਸੇਵਾ ਉੱਤਮ ਧਾਰਾ, ਸਗਲ ਥਾਂਓ ਵਸਿਆ ਓਂਕਾਰਾ॥
ਰਾਮ ਨਾਮ ਕੀ ਮਹਿਮਾ ਨਿਆਰੀ, ਬਿਨ ਨਾਮੇ ਜਨਮ ਜਾਇਓ ਖੁਆਰੀ॥
ਅਪਨੇ ਦਾਸ ਕੀ ਸੁਣਿਓ ਪੁਕਾਰ, ਹਰਿ ਦੀਜੋ ਮੋਹੇ ਨਾਮ ਅਧਾਰ॥
ਭਰਮ ਕਲੇਸ ਸਭਹਿ ਨਸ ਜਾਸੀ, ਜਨ ਦਰਸ਼ਨ ਗੁਰ ਪੂਰੇ ਪ੍ਰਭ ਅਬਿਨਾਸੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਾਹਿਬ ਮੇਰੋ ਮਿਹਰਬਾਨ ਭਇਓ, ਸੰਤ ਸੰਗ ਹਰਿ ਨਾਮ ਧਿਆਇਆ॥
ਪ੍ਰਭ ਦਰਗਾਹੇ ਸੰਤ ਕੀ ਸੋਭਾ, ਸਤਿਗੁਰੂ ਸ਼ਰਨ ਲਿਵ ਲਾਇਆ॥
ਜਗ ਮਾਇਆ ਖੇਲ ਰਚਾ ਕੇ, ਹਰਿ ਆਪਣਾ ਭੇਦ ਛੁਪਾਇਆ॥
ਭਗਤ ਭਓ ਭਰਮ ਨਾਹੀ ਠਾਕੁਰ, ਗੁਰਦੇਵਾ ਜਮ ਫੰਦਾ ਛੁਡਾਇਆ॥
ਜਨ ਦਰਸ਼ਨ ਕਰਤਾ ਆਪ, ਆਦਿ ਜੁਗਾਦਿ ਸਮਾਇਆ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸੇਵ ਸੇਵਨ ਰਾਮਾਇਣ ਗੀਤਾ, ਗੁਰ ਕਿਰਪਾ ਹਰਿ ਉਪਜੀ ਪ੍ਰੀਤਾ॥
ਭਰਮ ਭਓ ਲਾਥੇ ਨਾਹੀ, ਚਰਨ ਕੰਵਲ ਬਿਨ ਚਰਨਾਮਤ ਲੀਤਾ॥
ਨਵਖੰਡ ਪ੍ਰਥਮ ਦਸ ਇੰਦਰੀਆਂ, ਦਸ ਦੁਆਰ ਬਵੰਜਾ ਕਿੰਗਰੀਆਂ॥
ਬਾਰਾਂ ਥੰਮ ਛੱਤੀ ਹਜਾਰ ਰਾਗ ਰਾਗਣੀਆਂ,
ਸੰਤ ਸਹਿਜ ਅਲੱਖ ਨਾਰਾਇਣ ਏਕੋ ਰਸਨਾ ਸਿਮਰਨੀਆਂ॥
ਚਾਰ ਦਿਸ਼ਾ ਤ੍ਰਿਲੋਕੀ ਬਸਤ ਹੈ, ਤਿਸ ਉਪਰ ਬੈਠੇ ਨਿਰੰਕਾਰ ਲਿਵ ਲਾਇ॥
ਬਾਹਰ ਤਲਾਸ਼ ਕੁਛ ਨਾਹੀ ਪਾਇ, ਅੰਤਰ ਦੇਹ ਸਤਿਗੁਰ ਮੀਤਾ॥
ਦਰਸ਼ਨ ਜਨ ਪ੍ਰਭ ਪਰਉਪਕਾਰੀ, ਜੁਗ ਜੁਗ ਚਲਿਓ ਨਾਮ ਕੀ ਰੀਤਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਹਮ ਪਾਪੀ ਹਮ ਐਸੇ, ਤੁਮ ਪਾਪ ਖੰਡਨ ਜੈਸੇ॥
ਖਿੰਨ ਭੀਤਰ ਮੋਹੇ ਪਾਪ ਬਿਸਾਰੇ, ਦਿਓ ਦਾਨ ਹਰਿ ਸਾਜਨ ਪਿਆਰੇ॥
ਬਿਨ ਨਾਮੈ ਮੁਕਤ ਨਾ ਪਾਵੈ, ਨਾਮ ਬਿਸਾਰੇ ਅਵਤਾਰ ਧਾਰੇ॥
ਮਨ ਮਾਹਿ ਮਨ ਮਾਨ ਜਾਈ, ਜਿਤੁ ਤਿਤੁ ਨਾਮ ਧਿਆਇ॥
ਦਰਸ਼ਨ ਅਗੰਮ ਰੂਪ ਜਗ ਮਾਹਿ ਸਮਾਇ, ਤੂੰ ਸਭਨੀ ਥਾਂਈ ਹਰਿ ਰਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਹਰਿ ਕੀ ਸੇਵਾ ਉੱਤਮ ਸੰਤੋ, ਬਿਨ ਨਾਮੇ ਹਰਿ ਨਾ ਪਾਵੇ ਕੋਈ॥
ਮੇਰੇ ਸਤਿਗੁਰ ਅਗੋਚਰ ਜੀਓ, ਰਹਿ ਰਵਿਓ ਭਰਪੂਰ ਸਭਨੀ ਥਾਈਂ॥
ਸੰਤ ਸੰਗ ਹਰਿ ਜਪਿਆ ਮਨ ਹੋਵੇ ਨਿਹਾਲ,
ਕਰ ਕਿਰਪਾ ਮੇਰੇ ਸਤਿਗੁਰ ਪੂਰੇ ਮਿਹਰਬਾਨ॥
ਏਕੋ ਦਾਤਾ ਸਭਹਿ ਜੀਵ ਤੁਮਾਰੇ, ਤੇਰੇ ਜਨ ਹਰਿ ਰਹੇ ਨਿਆਰੇ ਜੀਓ॥
ਗੁਰਮੁੱਖ ਗੁਰ ਸ਼ਬਦ ਕਮਾਵੇ, ਗੁਰ ਪੂਰੇ ਗੁਰਮੁੱਖ ਮਨ ਭਾਵੇ॥
ਦਰਸ਼ਨ ਕਹਿਤ ਸ਼ਬਦ ਚਿੱਤ ਲਾਵਾਂ, ਆਪਨੇ ਸਤਿਗੁਰ ਬਲਿ ਬਲਿ ਜਾਵਾਂ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਹਰਿ ਪ੍ਰਭ ਪੂਰੇ ਠਾਕੁਰ ਸੁਆਮੀ, ਹਰਿ ਥਾਂਈ ਵਸੇ ਪ੍ਰਭ ਅੰਤਰਯਾਮੀ॥
ਹਰਿ ਮੇਰਾ ਰਾਮ ਪ੍ਰਭ ਅਬਿਨਾਸੀ,
ਕਰਿਓ ਦਇਆ ਧਰੁਵ ਪ੍ਰਹਿਲਾਦ ਜੈਸੀ॥
ਰਾਮ ਰਾਮ ਸਾਧੂ ਕੋ ਜੈਕਾਰ, ਰਾਮ ਨਾਮ ਕੀ ਮਹਿਮਾ ਅਪਰੰਪਾਰ॥
ਕਿਰਪਾ ਕਰੋ ਦਰਸ਼ਨ ਗੁਣ ਗਾਵੈ, ਹਰਿ ਜੀਓ ਉੱਤਮ ਨਾਮ ਤੁਮਾਰੋ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਹਰਿ ਰਾਇ ਸਿਮਰੇ ਸੱਚਖੰਡ ਵਾਸੀ, ਹਰਿ ਸਿਮਰੇ ਪ੍ਰਭ ਅਬਿਨਾਸੀ॥
ਹਰਿ ਸਿਮਰੇ ਦੁੱਖ ਨਾਠੇ, ਕਾਜ ਸਵਾਰੇ ਸੁੱਖ ਸਹਿਜ ਸਮਾਇ॥
ਹਰਿ ਸਿਮਰੇ ਨਾ ਘਣ ਲਾਗੇ, ਹਰਿ ਸਿਮਰੇ ਗੁਰ ਰੰਗ ਮਾਣੇ॥
ਹਰਿ ਸਿਮਰੇ ਨਾਮ ਅਧਾਰਾ, ਹਰਿ ਸਿਮਰੇ ਅਠਸਠਿ ਤੀਰਥ ਪਾਰ ਉਤਾਰਾ॥
ਹਰਿ ਸਿਮਰੇ ਮੁਖ ਉਜਿਆਲੇ, ਹਰਿ ਸਿਮਰੇ ਮਨ ਛੂਟ ਜਾਇ॥
ਹਰਿ ਸਿਮਰੇ ਪਰਮ ਪਦ ਪਾਈ, ਹਰਿ ਸਿਮਰੇ ਦੀਨ ਦਰਦ ਸਭ ਨੱਸ ਜਾਈ॥
ਹਰਿ ਸਿਮਰੇ ਆਤਮਾ ਜਾਗੇ, ਹਰਿ ਸਿਮਰੇ ਮੋਹ ਮਾਇਆ ਤਿਆਗੇ॥
ਪੰਚ ਦੁਸ਼ਟ ਜਮ ਲਾਗੇ ਨਾ ਆਸੀ, ਦਰਸ਼ਨ ਗੁਰ ਪੂਰੇ ਪ੍ਰਭ ਅਬਿਨਾਸੀ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਧਰਮ)

ਹਰੀਸ਼ ਚੰਦਰ ਰਾਜਨ ਸੱਚ ਧਨ ਕਮਾਂਵਦੇ,
ਬਹੁ ਬਿਧ ਦਾਨ ਧਰਮ ਕਰਮ ਉਪਕਾਰੀ॥
ਪ੍ਰਭ ਸੇਵਾ ਹੁਕਮੇ ਗੁਰ ਭਾਣਾ ਮੰਨਿਆ, ਪਤਨੀ ਮੂਲ ਗੁਰ ਦਕਸ਼ਣਾ ਤਾਰੀ॥
ਪੁੱਤਰ ਦਫਨੀ ਜਗ੍ਹਾ ਨਾ ਮਿਲਸੀ, ਖਸਮੇ ਕਾਰ ਮੇਰੀ ਵਫਾਦਾਰੀ॥
ਸਤਿ ਸੰਤੋਖ ਧਰਮ ਰਾਇ ਡੋਲਿਓ, ਜਾਪ ਤਾਪ ਤਾਤ ਵਫਾ ਇਮਾਨਦਾਰੀ॥
ਜਨ ਦਰਸ਼ਨ ਦਇਆ ਕਰੋ ਠਾਕੁਰ,
ਐਸੀ ਸੁਮੱਤ ਸੋਭਾ ਜੈਸੀ ਤਾਬਿਆਦਾਰੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਰ ਕਿਰਪਾ ਪ੍ਰਭ ਕਿਰਪਾ ਨਿਧਾਨ,
ਦਇਆ ਮਿਹਰ ਕਰੋ ਮੇਰੇ ਸਤਿਗੁਰੂ ਮਿਹਰਬਾਨ॥
ਦਰਸ ਦੇਖ ਦੇਖ ਮਨ ਹੋਵੇ ਨਿਹਾਲ, ਸ਼ਬਦ ਸੰਗ ਪ੍ਰਭ ਭਇਓ ਕਿਰਪਾਲ॥
ਸਿਮਰ ਸਿਮਰ ਸਭਹਿ ਵੇਦ ਪੁਰਾਣ, ਸੰਤ ਸਤਿ ਏਕੋ ਜਾਣ॥
ਬਿਨ ਨਾਮੈ ਜਨਮ ਬਿਰਥਾ ਜਾਇ, ਸੁਨਹੋ ਬੇਨਤੀ ਮੇਰੇ ਹਰਿ ਰਾਇ॥
ਕਰ ਸਾਜਨ ਕਾਰ ਕਮਾਈ, ਜਨ ਦਰਸ਼ਨ ਸੰਗ ਤੁਮ ਹੋਵੋ ਸਹਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਰਤੇ ਪੁਰਖ ਸਖੀ ਸਗਲ ਸਹੇਲੀ,
ਕਿਰਪਾ ਧਾਰੇ ਪ੍ਰਭ ਆਪਣੀ ਇਹੋ ਮੁਕਤ ਦੁਹੇਲੀ॥
ਦੀਨ ਦਰਦ ਸਿਰ ਦੁੱਖ ਕੀਓ ਤਿਨਹੇ ਉਧਾਰ,
ਨਾਮ ਜਪਤ ਪੂਰਨ ਪ੍ਰਾਣੀ ਭਵਜਲ ਉਤਰੇ ਪਾਰ॥
ਨਾਨਕ ਆਦਿ ਜੁਗਾਦਿ ਹੈ ਭੀ ਹੋਸੀ ਪੈਰੀਂ ਤਿਨਹੇ ਨਮਸਕਾਰ,
ਆ ਮਿਲ ਰਾਮ ਪਿਆਰੇ ਸਹਿਜ ਸੰਤੋਖ ਪਾਤਸ਼ਾਹ ਪਾਵਨ ਪਾਰ ਉਤਾਰੇ॥
ਬ੍ਰਹਮਾ ਮਹੇਸ਼ ਵਿਸ਼ਨਾਇ ਕੀਓ ਤਿਨਹੇ ਨਮਸਕਾਰ॥
ਭਇਓ ਕਲਿ ਮਾਹੇ ਰੂਪ ਨਾਨਕ ਦੀਓ ਸਤਿਨਾਮ ਅਧਾਰ,
ਦਰਸ਼ਨ ਦਾਸ ਦਾਸਨ ਕੋ ਦਾਸਾ ਹਿਰਦੇ ਵਸੈ ਪ੍ਰਭ ਪਰਗਾਸ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਰਨ ਕਰਾਵਨ ਕਰਤਾ ਆਇਆ, ਮਨ ਚਿੱਤ ਰਹਿਓ ਸਮਾਇ॥
ਬੇਦ ਕਤੇਬ ਵਸੈ ਨਾਹੀ, ਨਾ ਮੱਕੇ ਕਾਬੇ ਖ਼ੁਦਾਇ॥
ਅੰਤਰ ਕੀ ਬਿਧ ਜਾਨੋ ਨਾਹੀ, ਕਿਆ ਹੋਸੀ ਸੀਸ ਨਿਵਾਇ॥
ਕੂੜ ਕਮਾਵਣ ਮਨਮੁਖੀ, ਗੁਰਮੁਖ ਪ੍ਰੀਤ ਨਾ ਲਾਏ॥
ਸਾਕਤ ਪੰਚ ਦੁਸ਼ਟ ਮਨ ਸੰਗ, ਅੰਤਰ ਹਿਰਦੇ ਹਉਮੈ ਵਸਾਏ॥
ਜਨ ਦਰਸ਼ਨ ਨਾਮ ਦੀਜੋ, ਪ੍ਰਭ ਆਪੇ ਈ ਹੋਵੋ ਸਹਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਰਮ ਕਰੀਮ ਸੇਵ ਕਮਾਵਾਂ, ਜਾ ਤੁਮ ਹੋਵੋ ਸਹਾਈ॥
ਮਿਹਰ ਕਰੋ ਮੇਰੇ ਸਤਿਗੁਰੂ ਸਾਂਈ, ਦਿਓ ਨਾਮ ਨਿਧਾਨ ਮੇਰੇ ਰਾਮ ਗੁਸਾਂਈ॥
ਮਨ ਚਿਤ ਆਵੇ ਪਾਰਬ੍ਰਹਮ, ਹਰ ਦਮ ਤੁਝੇ ਧਿਆਈ॥
ਤੇਰੀ ਮਹਿਮਾ ਗੁਣੀ ਗੁਣਿਅੰਤ, ਹਰਿ ਹਰਿ ਸਿਮਰ ਸੁੱਖ ਬੇਅੰਤ॥
ਤੂੰ ਠਾਕੁਰ ਪ੍ਰਭ ਬਖਸ਼ੰਦਾ, ਦਰਸ਼ਨ ਨੀਚ ਜਨ ਤੇਰਾ ਬੰਦਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਿਰਪਾ ਕਰੋ ਦੀਨ ਦਿਆਲ, ਨਾਨਕ ਗੋਬਿੰਦ ਸਤਿ ਕਰਤਾਰ ਜੀਓ॥
ਮਨ ਚਿੱਤ ਸਿਮਰਾਂ ਨਾਮ ਤੁਮਾਰਾ, ਹਰਿ ਸਾਜਨ ਸੁੱਖ ਸੁਹੇਲੜੇ ਜੀਓ॥
ਦੇਖਾਂ ਦਰਸ ਹੋਵਾਂ ਨਿਹਾਲ, ਹਿਰਦੇ ਵਸੇ ਪ੍ਰਭ ਕਿਰਪਾਲ॥
ਸਤਿਗੁਰੂ ਸੰਗ ਸੁਹਾਗਣਾ, ਕੁਸੰਗਤੀ ਪੀੜਾ ਮਰਨ ਜੀਓ॥
ਮਨਮੋਹਨ ਮੁਕੰਦ ਮੁਰਾਰੀ, ਮਨਮੁੱਖ ਮੁਕਤ ਕਰੋ॥
ਓਮ ਨਮੈ ਗੁਰੂ ਅਸ਼ਟ, ਭਗਵਤ ਹੋਮਿਓ ਅਸ਼ਟ॥
ਸ਼ਾਂਤ ਸੀਤਲ ਸਤਿ ਨਾਰੀ, ਦਰਸ਼ਨ ਪੁਰਖਨ ਪਾਰ ਕਰੋ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਿਰਪਾ ਕਰੋ ਮੇਰੇ ਠਾਕੁਰ ਸਾਂਈ, ਹਉ ਤੁਧ ਪੇ ਵਾਰੀ ਜਾਂਈ॥
ਜਪ ਜੀਵਾਂ ਤੇਰਾ ਨਾਓ, ਮੇਰੇ ਗੋਬਿੰਦ ਗੋਸਾਂਈ॥
ਸਿਮਰ ਸਿਮਰ ਸਭ ਭਇਓ ਪੁਨੀਤ, ਮੈਂ ਮੂਰਖ ਕਿਆ ਚਤੁਰਾਈ॥
ਦੀਨ ਦਰਦ ਦੁੱਖ ਭੰਜਨਾ, ਕਾਟੋ ਜਮ ਕੀ ਫਾਹੀ॥
ਸਭਹਿ ਖੇਲ ਆਪੇ ਖੇਲੇ, ਦਾਸ ਜਨੋ ਕੋ ਦੇ ਵਡਿਆਈ॥
ਮੇਰੇ ਸਤਿਗੁਰੂ ਕੀਜੋ ਮਿਹਰ, ਰਾਖੋ ਅਪਨੀ ਸ਼ਰਨਾਈ॥
ਏਕੋ ਟੇਕ ਦਰਸ਼ਨ ਜੀਵੇ, ਕਾਹੇ ਕੋ ਦੇਰ ਲਗਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਿਰਪਾ ਨਿਧਾਨ ਕਿਰਪਾ ਕਰੋ ਜਨ ਆਪਨੇ,
ਹਰਿ ਜੀਓ ਉੱਤਮ ਨਾਮ ਤੁਮਾਰਾ॥
ਬੁਰਾ ਭਲਾ ਕਿਆ ਜਾਨੋ ਠਾਕੁਰ, ਸਭ ਮਾਹਿ ਤੇਰਾ ਪਸਾਰਾ॥
ਹਰਿ ਨਾਰਾਇਣ ਹਰਿ ਸਾਜਨ ਸੁਆਮੀ, ਤੇਰਾ ਸੋਹਣਾ ਸੁੰਦਰ ਮੁੱਖ ਸੁਹਾਵਾ॥
ਹਰੀ ਹਰਿ ਹਰਿ ਗੋਬਿੰਦ ਆਪੇ, ਗੁਰ ਸ਼ਬਦ ਸਹਿਜ ਸਮਾਇਆ॥
ਦਰਸ਼ਨ ਪ੍ਰਭ ਕਰੇ ਬੇਨੰਤੀ, ਮੋਹੇ ਨਾਮ ਦੀਜੇ ਮੁਕਤ ਅਧਾਰਾ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਾਲਿੰਗਾ ਗੁਣੀ ਗਣੇਸ਼ ਸਾਰੰਗ ਨਾਭੀ ਵਿਸ਼ਨੂੰ,
ਹਿਰਦੇ ਬ੍ਰਹਮ ਕੰਠ ਸ਼ਕਤੀ ਨੈਨਣ ਉਮਾ ਮਹੇਸ਼॥
ਮਸਤਕ ਸਤਿਗੁਰ ਸ਼ਰਨ, ਨਾਨਕ ਗੋਬਿੰਦ ਆਦਿ ਨਮੈ॥

(ਯਕੀਨ)

(ਦੋਹਾ)

ਗੰਗਾ ਜਮਨਾ ਸਰਸਵਤੀ ਦਿਉ ਇਹ ਵਰਦਾਨ,
ਸ਼ਿਵ ਉਠਾਓ ਗੰਗਾ ਵਿਸ਼ਨੂੰ ਦਾ ਫਰਮਾਨ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਭਾਗ ਲਾਣ ਵਾਲੀ, ਦਾਤਾਂ ਦੇਣ ਵਾਲੀ, ਕਾਲੀ ਸ਼ਕਤੀ)

ਕਾਲੀ ਕਾਲਿੰਗਾ ਕਾਇਆ ਕਲਪ ਕਰਮ ਦਾਤੀ ਮੁਖੋਂ ਇਹ ਸਹਾਇ,
ਬੋਲ ਬਚਨ ਤਹਿੰ ਹਰਿ ਦਰਸ਼ਨ ਅਟੱਲ ਜਾਇ॥
ਅਟੱਲ ਅਸ਼ਟ ਅਠਸਠਿ ਤੀਰਥ ਇਸ਼ਨਾਨ, ਸੱਚਖੰਡ ਨਾਨਕ ਧਾਮ॥
ਜੋ ਇਸ਼ਨਾਨ ਸਰ ਸਰੋਵਰ ਕਰ ਜਾਇ,
ਤਿਸ ਜਨ ਦੁੱਖ ਹਰੈ ਸਤਿਗੁਰ ਨਾਮ ਧਿਆਇ॥
ਨਮੈ ਨਮੈ ਨਮੈ ਨਮਿਓ ਡੰਡੌਤ ਬੰਦਨਾ, ਆਦਿ ਜੁਗਾਦਿ ਹੈ ਭੀ ਹੋਸੀ,
ਦਰਸ਼ਨ ਪ੍ਰਭ ਤੇਰੀ ਸ਼ਰਨਾਈ, ਹਰਿ ਰਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੰਭੀਰ ਗੋਸਾਂਈ ਗੁਣਿਆਰ ਬਿਧਾਤੇ,
ਗੁਰ ਸਾਜਨ ਸਤਿਗੁਰ ਪੁਰਖ ਹਰਿ ਰਾਇ॥
ਗੁਣਿਆਰ ਬਿਧਾਤੇ ਗੁਰੂ ਗੰਭੀਰ ਪੁਰਖ, ਸਤਿਗੁਰ ਸਾਜਨ ਹਰਿ ਰਾਇ॥
ਬਿਧਾਤੇ ਪੁਰਖ ਸਾਜਨ ਸਤਿਗੁਰ, ਗੁਰੂ ਗੰਭੀਰ ਹਰਿ ਰਾਇ॥
ਸਤਿਗੁਰੂ ਗੁਰੂ ਗੰਭੀਰ ਗੁਣਿਆਰ ਬਿਧਾਤਾ, ਪੁਰਖੈ ਸੁਜਾਨਾ ਹਰਿ ਰਾਇ॥
ਪੁਰਖ ਸੁਜਾਨਾ ਸਤਿਗੁਰ ਗੁਣਿਆਰ, ਗੰਭੀਰ ਬਿਧਾਤੇ ਹਰਿ ਰਾਇ॥
ਸੱਜਨ ਬਿਧਾਤਾ ਗੁਣਿਆਰ ਗੁਰੂ ਗੰਭੀਰ, ਸਤਿਗੁਰ ਪੁਰਖੈ ਹਰਿ ਰਾਇ॥
ਹਮ ਗਰੀਬ ਗੁਣ ਨਾ ਕੋਈ, ਤੁਮ ਦਾਨ ਦਿਓ ਮਿਹਰਬਾਨ॥

ਮਿਹਰਬਾਨ ਮਿਹਰਬਾਨ ਹਮ ਗਰੀਬ ਦੇਓ ਦਾਨ,
ਮੁਕਤ ਭੁਗਤ ਮੱਤ ਸੁਜਾਨ॥
ਗੁਣੀ ਗੁਣਿਆਰ ਗੁਰੂ ਗੰਭੀਰ ਸਤਿਗੁਰੂ ਮਿਹਰਬਾਨ,
ਗੁਰੂ ਗੰਭੀਰ ਦਿਓ ਦਾਨ ਨਾਮ॥
ਪ੍ਰਿਤਪਾਲ ਠਾਕੁਰ ਜੀਓ ਜੋ ਤੁਧ ਮਨ ਭਾਣਾ,
ਦਿਓ ਦਰਸ ਦਰਸ਼ਨ ਸ਼ਰਨਾਈ ਹਮੇ ਮਿਹਰਬਾਨ॥ (ਯਕੀਨ)

(ਦੋਹਾ)

ਗੁਰੂ ਬਿਨ ਨਾਹੀ ਕੋਈ ਸਹਾਰਾ,
ਗੁਰ ਸ਼ਰਣ ਮਿਲੇ ਮੁਕਤ ਦੁਆਰਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰ ਪਾਰਬ੍ਰਹਮ ਪਰਮੇਸ਼ਰ ਦੀਓ ਨਾਮ ਅਧਾਰ,
ਸੰਤ ਜਨ ਤੁਧ ਨਾਹੀ ਭੇਦ ਪੂਰਨ ਪੁਰਖ ਮੁਰਾਰ॥
ਸੇਵ ਭਇਓ ਜਗਤ ਸੰਤਨ ਕੀ ਮੁਕਤ ਕੀਓ ਹਰਿ ਰਾਇ,
ਤੁਝ ਮਾਹੇ ਮਨ ਮਾਨੇ ਤੁਮ ਹੋਵੋ ਸਹਾਇ,
ਦਰਸ਼ਨ ਸਤਿਗੁਰ ਪੂਰੇ ਮੇਰੇ ਹਰਿ ਰਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰ ਪੂਰਾ ਵਡਭਾਗੀ ਪਾਵਾਂ, ਜਨਮ ਜਨਮ ਕੀ ਮੈਲ ਗਵਾਵਾਂ॥
ਗੁਰ ਮਿਲ ਹੋਸੀ ਨਾਮ ਅਧਾਰਾ, ਗੁਰ ਮਹਿਮਾ ਤੇਰੀ ਅੰਤ ਨਾ ਪਾਰਾ॥
ਗੁਰ ਬਿਨ ਨਾ ਕੋਈ ਸੰਗੀ, ਗੁਰ ਸੰਗ ਜਮ ਨੇੜੇ ਨਾ ਆਸੀ॥
ਗੁਰ ਪਾਰਬ੍ਰਹਮ ਪਰਮੇਸ਼ਰ ਪੁਰਖ ਹਮਾਰੇ,
ਨਾਨਕ ਪ੍ਰਭ ਦਰਸ਼ ਦੇਓ, ਦਰਸ਼ਨ ਦਿਓ ਪਿਆਰੇ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰ ਪੂਰੇ ਹਉਂ ਜਾਊਂ ਕੁਰਬਾਨ, ਗੁਰ ਪੂਰੇ ਸਦਾ ਸਦਾ ਮਿਹਰਬਾਨ॥
ਗੁਰ ਅਠਸਠਿ ਤੀਰਥ ਇਸ਼ਨਾਨ, ਗੁਰ ਪੂਰੇ ਰੱਖ ਆਨ ਮਾਨ॥
ਗੁਰ ਪੂਰੇ ਠਾਕੁਰ ਰਾਮ ਸਮਾਨ, ਗੁਰ ਪੂਰੇ ਪੰਚ ਸ਼ਬਦ ਗਿਆਨ॥
ਗੁਰ ਪੂਰੇ ਦੇਵਤ ਨਾਮ ਦਾਨ, ਗੁਰ ਪੂਰੇ ਵਸ ਕ੍ਰੋਧ ਕਾਮ॥
ਗੁਰ ਦਰਗਾਹੇ ਪਾਇਓ ਮਾਣ, ਗੁਰ ਕੇ ਦਰਸ਼ਨ ਦੁੱਖ ਕੱਟੇ ਜਾਣ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰਬਾਣੀ ਗੁੜ ਮੀਠੀ ਲਾਗੀ, ਗੁਰੂ ਗੁਰੂ ਗੁਰ ਦੀਜੈ॥
ਚਰਣ ਧੋਇ ਗੁਰ ਆਪਣੇ ਜੀਓ, ਚਰਣਾਮਤ ਭਰ ਪੀਜੈ॥
ਸਹਿਜ ਨਿਵਾਜੇ ਕਿਰਪਾ ਕਰੋ, ਗੁਰਮੁਖ ਗੁਰ ਨਾਮ ਦੀਜੈ॥
ਗਗਨ ਗੁਰੂ ਗੰਗਾ ਗੁਰੂ, ਗੁਰੂ ਗੋਦਾਵਰੀ ਜੀਓ॥
ਭਗਵਤ ਜੀਓ, ਭਵਜਲ ਪਾਰ ਕਰੀਜੈ॥
ਗੁਰੂ ਰਾਮ ਗੁਰੂ ਵਿਸ਼ਨੂੰ ਬ੍ਰਹਮਾ ਗੁਰੂ ਮਹੇਸ਼ ਪਾਰਬਤੀ ਜੀਓ॥
ਦਰਸ਼ਨ ਕਹਿਤ ਗੁਰੂ ਪੂਰੇ, ਮੇਰੇ ਗੋਬਿੰਦ ਦਰਸ ਦੀਜੈ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰੂ ਸਤਿਗੁਰੂ ਭੇਦ ਨਾਹੀ ਕੋਏ, ਗੁਰੂ ਸਤਿਗੁਰੂ ਇੱਕ ਥਾਂਇ ਖਲੋਇ॥
ਸਤਿਗੁਰੂ ਦੀਓ ਮੋਹੇ ਪੰਚ ਵਿਕਾਰ, ਗੁਰੂ ਮੋਹੇ ਦੀਓ ਪਿਆਰ॥
ਸਤਿਗੁਰੂ ਦੀਓ ਮੋਹੇ ਜਮ ਕਾ ਫੰਧਾ, ਗੁਰੂ ਮੋਹੇ ਦੀਓ ਨਾਮ ਕਾ ਡੰਡਾ॥
ਸਤਿਗੁਰੂ ਦੀਓ ਮੋਹੇ ਮਾਇਆ ਜਾਲ, ਗੁਰੂ ਦੀਓ ਮੋਹੇ ਭਵਜਲ ਨਿਕਾਲ॥
ਦਰਸ਼ਨ ਜਨ ਕਹੇ ਗੁਰੂ ਨਿਆਰਾ ਈਆਂ ਉਆਂ ਬਣੈ ਸਹਾਰਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰੂ ਨਾਨਕ ਸਭਹਾਂ ਤੋਂ ਵੱਡਾ ਤੇਰਾ ਮਹਿਲ ਚੁਬਾਰਾ॥
ਖਿਮਾ ਖੁਮਾਰੀ ਨਾਮ ਦੇਓ, ਖੋਜਤ ਮਨ ਭਇਓ ਗਵਾਰਾ॥
ਸਗਲ ਸੂਖ ਰਹਿ ਰਵਿਆ ਮੇਰਾ ਸੁਆਮੀ,
ਬੇਅੰਤ ਅਗਮ ਊਚਾ ਤਾਂਕਾ ਦੁਆਰਾ॥
ਦੇਓ ਪ੍ਰੀਤ ਅਪਣੀ ਮੇਰੇ ਰਾਮ ਜੀਓ,
ਕਰੇ ਅਰਜੋਈ ਦਰਸ਼ਨ ਬੇਚਾਰਾ॥

(ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰੂ ਨਾਨਕ ਤੇਰੀ ਵਡਿਆਈ, ਬੇਅੰਤ ਅਪਰੰਪਾਰ ਜੀਓ॥
ਮੇਰੇ ਠਾਕੁਰ ਪ੍ਰਭ ਦਾਤਾਰ ਜੀਓ, ਅੰਤਰ ਕੀ ਬਿਧ ਤੁਧ ਹੀ ਜਾਨੀ॥
ਸਤਿਗੁਰ ਆਪੇ ਕਰਨੇਹਾਰ ਜੀਓ, ਕਰ ਕਿਰਪਾ ਤੇਰਾ ਨਾਮ ਧਿਆਈ॥
ਤੂੰ ਪ੍ਰਭ ਮੇਰਾ ਬਖਸ਼ਨਹਾਰ ਜੀਓ, ਤਨ ਮਨ ਧਨ ਸਭ ਤੇਰੀ ਮਾਇਆ॥
ਤੁਮ ਵੱਡਾ ਹਰਿ ਮਿਹਰਬਾਨ ਜੀਓ, ਹਰਿ ਸਿਓਂ ਹਰਿ ਮਿਲਿਆ ਮਾਹੇ॥
ਮੇਰਾ ਸੁਆਮੀ ਦੀਨ ਦਿਆਲ ਜੀਓ, ਨਾਮ ਸਿਮਰ ਮੋਹੇ ਮਨ ਸ਼ਾਂਤ ਆਵੇ॥
ਸਰਬ ਵਿਆਪੀ ਸਤਿਗੁਰ ਮੇਰੇ ਜੀਓ, ਰਹਿ ਰਵਿਆ ਸਭਨੀ ਥਾਂਓ ਜੀਓ॥
ਦਰਸ਼ਨ ਦਾਸ ਗੁਰੂ ਨਾਨਕ ਪੂਰਾ ਭੇਟਿਓ,
ਤਨ ਮਨ ਹੋਇਆ ਨਿਹਾਲ ਜੀਓ॥ (ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰੂ ਨਾਨਕ ਦਾ ਜਪੀਏ ਨਾਮ ਪਹਿਲਾਂ,
ਜਿਸਨੂੰ ਸਿਮਰਦਾ ਸਾਰਾ ਸੰਸਾਰ ਡਿੱਠਾ॥
ਡਿੱਠੇ ਬ੍ਰਹਮਾ ਵਿਸ਼ਨੂੰ ਮਹੇਸ਼ ਨਾਲੇ, ਰਾਮ ਤੇ ਰਹਿਮਾਨ ਡਿੱਠਾ॥
ਦੇਵੀ ਦੇਵਤੇ ਜਾਪ ਕਰਦੇ, ਈਸ਼ਵਰ ਅੱਲ੍ਹਾ ਕ੍ਰਿਸ਼ਨ ਭਗਵਾਨ ਡਿੱਠਾ॥
ਰਿਸ਼ੀ ਮੁਨੀ ਸੰਤ ਮਹਾਤਮਾ ਦੇ ਭੇਦ ਛੁਪਾ ਕੇ,
ਖੁਦ ਖੁਦਾ ਨਰ ਨਾਰਾਇਣ ਡਿੱਠਾ॥
ਦਰਸ਼ਨ ਦਾਸ ਵੀ ਆਖੇ ਰੱਬ ਹੈ ਏਕੋ, ਨਾਨਕ ਨਾਮ ਨਵਾਂ ਰੱਖ ਦਿੱਤਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰੂ ਨਾਨਕ ਮੇਰੇ ਹੋਇ ਸਹਾਈ, ਸੰਤ ਸੇਤੀ ਹਰਿ ਨਾਮ ਧਿਆਈ॥
ਕਲਹ ਕਲੇਸ਼ ਸਭ ਕੀਨੋ ਨਾਸ, ਹਿਰਦੇ ਵਸੇ ਪੂਰਣ ਪਰਗਾਸ॥
ਗੁਰੂ ਬਿਨ ਸੰਗ ਨਾ ਕੋ ਤੇਰਾ, ਪਰਦੇਸ ਵਸਿਓ ਹਰਿ ਪ੍ਰੀਤਮ ਮੇਰਾ॥
ਸਪਤ ਸਿੰਗਾਰ ਘਰ ਜਾਸੀ ਨਾਰ, ਬੇਦ ਕਤੇਬ ਕਰਤੇ ਪੁਕਾਰ॥
ਦਰਸ਼ਨ ਦਾਸ ਮਨ ਚਾਓ ਲਾਗਾ ਹੈ,
ਦਰਸ ਦੀਜੋ ਹਰਿ ਮਨ ਖੋਲ ਕਿਵਾੜ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰੂ ਪ੍ਰਾਣ ਪੰਥ ਪੂਰਾ, ਗੁਰੂ ਬਿਨ ਜਨ ਸਦਾ ਅਧੂਰਾ॥
ਗੁਰੂ ਪ੍ਰਭ ਜਾਨੋ ਏਕ, ਗੁਰੂ ਬਿਨ ਨਾਹੀਂ ਕੋਈ ਟੇਕ॥
ਗੁਰੂ ਪ੍ਰਭ ਭਰੇ ਭੰਡਾਰ, ਗੁਰੂ ਬਿਨ ਨਾਹੀਂ ਉਤਰੇ ਪਾਰ॥
ਗੁਰੂ ਪ੍ਰਭ ਏਕੋ ਆਸ, ਗੁਰੂ ਬਿਨ ਨਾਹੀਂ ਕੋਈ ਸੱਚੀ ਰਾਸ॥
ਗੁਰੂ ਸ਼ਰਣ ਮਿਲੇ ਮੁਕਤ ਦੁਆਰਾ, ਦਰਸ਼ਨ ਭਵਜਲ ਪਾਰ ਉਤਾਰਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰੂ ਪ੍ਰੇਮ ਸਭ ਸੇ ਨਿਆਰਾ, ਗੁਰੂ ਸ਼ਰਨ ਮਿਲਸੀ ਮੁਕਤ ਦੁਆਰਾ॥
ਗੁਰੂ ਕੀ ਮਹਿਮਾ ਅਪਰੰਪਾਰ, ਗੁਰੂ ਸੰਗ ਭਵਜਲ ਹੋਸੀ ਪਾਰ॥
ਗੁਰੂ ਸੰਗ ਪ੍ਰਭ ਸਦਾ ਦਿਆਲ, ਗੁਰੂ ਸੇਵਾ ਕਾਰਜ ਆਵੇ ਰਾਸ॥
ਗੁਰੂ ਕਿਰਪਾ ਪ੍ਰਭ ਹੋਵੇ ਸਹਾਈ, ਗੁਰੂ ਉੱਤਮ ਨਾਮ ਕਮਾਈ॥
ਗੁਰੂ ਗਿਆਨ ਗੁਣ ਭੰਡਾਰ, ਗੁਰੂ ਕਰਮ ਧਰਮ ਚਾਰ॥
ਗੁਰੂ ਭੇਦ ਨਾ ਸਤਿਕਰਤਾਰ, ਗੁਰੂ ਹਿਰਦੇ ਵਸੇ ਅਗੰਮ ਦਾਤਾਰ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰੂ ਪ੍ਰੇਮ ਰਖਣਾ, ਗੁਰੂ ਹੁਕਮ ਮਾਹਿ ਚੱਲਣਾ,
ਹੁਕਮ ਮੰਨ ਹੋਵੇ ਪਾਰ ਉਤਾਰਾ॥
ਹੁਕਮ ਮੰਨੇ ਦਰਗਾਹਿ ਮਾਨ ਪਾਵੇ, ਅਠਸਠਿ ਤੀਰਥ ਕਰੇ ਪਾਰ ਉਤਾਰਾ॥
ਹੁਕਮ ਮੰਨੇ ਦੁੱਖ ਨਾ ਬਿਆਪੇ, ਸੁੱਖ ਦੇਹੁ ਸਹਜ ਕਰਤਾਰਾ॥
ਹੁਕਮ ਮੰਨੇ ਪਰਮਪਦ ਪਾਵੈ, ਹੋਸੀ ਊਚਾ ਤੇਰਾ ਸੇਵਾਦਾਰਾ॥
ਹੁਕਮ ਮੰਨੇ ਜੁਗਾਦਿ ਹੋਸੀ ਸੱਚ, ਨਾਨਕ ਸੱਚ ਹੈ ਨਾਨਕ ਸਦਾ ਹੀ ਸੱਚ॥
ਤੂੰ ਪ੍ਰਭ ਪਾਪ ਬਖਸ਼ੰਦਾ, ਦਰਸ ਦਿਓ ਕਰਾਂ ਬੇਨਤੀ, ਦਰਸ਼ਨ ਦਾਸ ਤੁਮਾਰਾ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰੂ ਪੂਰੇ ਮੇਰੇ ਠਾਕੁਰ ਨਾਰਾਇਣ,
ਆਪਣੇ ਸਤਿਗੁਰੂ ਹਉਂ ਜਾਊਂ ਕੁਰਬਾਨ ਜੀਓ॥
ਹਰਿ ਜਨ ਹਰਿ ਏਕੋ ਸਮਾਨ, ਮੇਰੇ ਪ੍ਰੀਤਮ ਭਇਓ ਮਿਹਰਬਾਨ ਜੀਓ॥
ਸਾਧ ਸੰਗ ਪ੍ਰਭ ਹੋਵੇ ਦਿਆਲ, ਨਾਮ ਜਪਤ ਸਫਲ ਸਭਹਿ ਕਾਮ॥
ਸਤਿਗੁਰੂ ਨਾਨਕ ਵੱਡੇ ਸਾਹਿਬ ਸਾਂਈ,
ਦਰਸ਼ਨ ਕਹਿਤ ਹਰਿ ਸਿਮਰ ਮੁਕਤ ਪਾਈ,
ਪੂਰਨ ਪੁਰਖ ਬਖਸ਼ੇ ਜਨ ਆਪਨੇ ਵਡਿਆਈ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਗੁਰ ਪੂਰੇ ਮੇਰੇ ਪਿਤਾ ਦਸਮੇਸ਼,
ਦਿਆਲ ਹੋਵੋ ਕਾਟੋ ਭਰਮ ਕਲੇਸ਼॥
ਸਿਮਰੇ ਨਾਮ ਤੁਮਾਰਾ ਮੇਰੇ ਸਾਹਿਬ ਜੀਓ,
ਸੰਤ ਰੈਣ ਇਸ਼ਨਾਨ ਪਰਹਰੇ ਜੀਓ॥
ਅੰਧਲ ਟੇਕ ਤੁਮਾਰੀ ਮੇਰੇ ਸੁਆਮੀ, ਭਵਜਲ ਪਾਰ ਕਰੋ॥
ਤੱਪੋਂ ਰਾਜ ਬਿਠਾਇੰਦਾ, ਦਰਸ਼ਨ ਰਾਜੋਂ ਰੰਕ ਕਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਅਸ਼ਟਭੁਜੀ ਸ਼ਕਤੀ, ਬਿਪਤਾ ਟਾਲਣ ਵਾਲੀ - ਦੁੱਖ ਭੰਜਨ)
ਚਤਰਭੁਜਾ ਚੌਮੁੰਡਾ ਦਿਓ ਹਰਿ ਰਾਇ,
ਦੁਸ਼ਟ ਦੈਂਤ ਜਿਸ ਸੰਗ ਸਭ ਮਰ ਜਾਇ॥
ਦਿਓ ਸ਼ਿਵ ਸਹਿਜ ਵਰ ਇਹੋ ਦਾਸ ਮਨ ਭਾਇ॥
ਜੋਤ ਨਿਰੰਜਨ ਨੀਲਕੰਠ ਨਾਰਾਇਣ ਨਾਰੰਗ ਨਾਰੂਪੀ,
ਨਿਰਭਓ ਨਿਰਵੈਰ ਦਰਸ਼ਨ ਸੰਗ ਸਮਾਇ॥
ਜਹਾਂ ਦਿਸੇ ਦਾਸ ਦਰਸ਼ਨ ਤਹਾਂ ਹੋਇ ਸਹਾਇ,
ਓਂਕਾਰ ਓਮ ਨਮੋ ਸ਼ਿਵ ਸਮਾਇ ਹਰਿ ਰਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਚਵਰ ਛਤਰ ਲੇਓ ਬੈਠਿਆ ਠਾਕੁਰ, ਆਦਿ ਜੁਗਾਦਿ ਰਹਿਓ ਸਮਾਏ॥
ਅਗੰਮ ਮੁਗਧ ਰੂਪ ਧਾਰਿਓ, ਲਾਜ ਪੈਜ ਹਰਿ ਭਗਤ ਬਚਾਏ॥
ਪੰਚ ਨੀਤੀ ਧਰਮ ਭਿਖਾਰਿਓ, ਗਿਰਿਆ ਅਸਮਾਨ ਚੜ੍ਹਾਏ॥
ਉੱਤਮ ਨੀਚ ਭੇਦ ਨਾ ਜਾਨਿਓ, ਕੀੜੀ ਸੇ ਗਜ ਮਰਵਾਏ॥
ਜਨ ਦਰਸ਼ਨ ਪ੍ਰਭ ਸੁਣੋ ਬੇਨੰਤੀਆਂ,
ਮਨ ਚਿੱਤ ਪ੍ਰੀਤ ਕੈਸੇ ਲਾਏ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਛੋੜ ਮਨ ਮੋਹ ਮਮਤਾ ਸਤਿਗੁਰ ਸ਼ਰਨ ਧਾਰ,
ਦਿਓ ਦਰਸ ਦਾਤਾਰ ਨਾਨਕ ਨਮਹਿ ਅਸ਼ਟ ਮਹੇਸ਼ ਤਿਨਹੇ ਨਮਸਕਾਰ॥
ਮੈ ਤੁਝ ਤਾ ਨਹੀਂ ਤੂੰ ਮੁਝ ਮੇਂ, ਈਹਾਂ ਉਹਾਂ ਨਿਰਗੁਣ ਸਰਗੁਣ ਮੇਂ॥
ਦਰਸ਼ਨ ਦੇਖ ਜੀਵਾਂ ਪ੍ਰਭ ਤੇਰੇ ਕਾਟੋ ਕਲਹਿ ਕਲੇਸ਼ ਭਰਮ ਮੇਰੇ॥
ਵਿਛੜਾਂ ਤੁਝ ਸੇ ਪਤਿਤ ਬਨ ਜਾਈ,
ਪਾਵਨ ਪਵਿਤ੍ਰ ਪੂਰੇ ਗੁਰੂ ਮੇਰੇ, ਨਾਨਕ ਦਾਸ ਗੋਸਾਂਈ॥
ਪੰਚ ਦੁਸ਼ਟ ਮਨ ਮੋਹੇ ਬਿਸਾਰਿਉ, ਪੈਰੀਂ ਪਉਣਾ ਜਗ ਵਰਤਾਓ॥

ਸਿਮਰੇ ਰਾਣਾ ਰੰਕ ਬਰਾਬਰ, ਦਿਉ ਦਰਸ਼ਨ ਮੇਰੇ ਠਾਕੁਰ॥
ਮਨ ਮਣਤ ਗੁਣੀ ਗੁਣਿਅੰਤ, ਤੇਰੀ ਵਡਿਆਈ ਕਥੀ ਨਾ ਜਾਈ,
ਕੋਟ ਕੋਟ ਕੋਟ ਪਾਪ ਬਖਸ਼ੰਦ॥

(ਯਕੀਨ)

(ਦੋਹਾ)

ਚਾਰਮੁਖੀ ਦੀਵਾ ਚਾਰੇ ਧਰਮ ਕਹਾਏ, ਸਤਿ ਸੰਤੋਖ ਦਇਆ ਨਾਮ,
ਚਾਰਮੁਖੀ ਦੀਵਾ ਇੱਕ ਵਰਣ ਸਮਾਏ, ਸਾਧ ਸੰਗਤ ਬਹੁ ਬਿਧ ਪਰਮ ਧਾਮ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਜਗਤ ਜਲੰਦਾ ਰਾਖ ਲਓ ਪ੍ਰਹਿਲਾਦ ਅਪਨੀ ਕਿਰਪਾ ਧਾਰ,
ਜਿਨਹੇ ਮਨ ਹਰਿ ਨਾਮ ਵਸੇ ਤਿਨਹੇ ਨਾ ਸਕੇ ਕੋਈ ਮਾਰ॥
ਗਜ ਗੁੰਝਲ ਤੰਦ ਦੇਵੇ ਤੋੜੀ ਸੁਣੀ ਮੀਤ ਪੁਕਾਰ,
ਬਖਸ਼ ਲੇਓ ਦੇਵ ਦੈਂਤ ਨਾਨਕ ਪੁਰਖ ਮੁਰਾਰ॥
ਦੀਓ ਤਾਜ ਸਿਰ ਭਗਤਨ ਕੋ ਧਨੁਸ਼ ਰੂਪ ਧਾਰ,
ਕਾਇਆ ਕਾਮਨ ਇੰਦਰ ਰਾਇ ਦੀਓ ਤਿਨਹੇ ਸਵਾਰ॥

ਲੀਓ ਕਲਿ ਮਾਹੇ ਜੋਤ ਨਿਰੰਜਨ ਨਾਨਕ ਗੋਬਿੰਦ ਅਵਤਾਰ,

ਚੋਰ ਰਾਕਸ਼ਸ਼ ਠੱਗ ਸਭਹਿ ਹੀ ਦੀਓ ਨਾਮ ਅਧਾਰ॥

ਸੇਵ ਭਇਓ ਸੰਤ ਪੁਰਖਨ ਕੀ ਦਰਸ਼ਨ ਸੁਣਿਓ ਪ੍ਰੇਮ ਪੁਕਾਰ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਜੰਨਤ ਏ ਜਾਨ ਗੁਰੂ ਗੋਬਿੰਦ ਸਿੰਘ, ਸੋਫੀ ਏ ਸੁਲਤਾਨ ਗੁਰੂ ਗੋਬਿੰਦ ਸਿੰਘ॥
ਖੁਦਾਈ ਏ ਰਹਿਮਤ ਗੁਰੂ ਗੋਬਿੰਦ ਸਿੰਘ, ਆਦਮ ਏ ਅਹਿਮਦ ਗੁਰੂ ਗੋਬਿੰਦ ਸਿੰਘ॥
ਮਕਸ ਏ ਮਕਸੂਦ ਗੁਰੂ ਗੋਬਿੰਦ ਸਿੰਘ, ਖ਼ਲਕ ਖ਼ਾਲਕ ਏ ਮਖ਼ਲੂਕ ਗੁਰੂ ਗੋਬਿੰਦ ਸਿੰਘ॥
ਸ਼ਮਸ ਏ ਸ਼ਮਸ਼ੀਰ ਗੁਰੂ ਗੋਬਿੰਦ ਸਿੰਘ, ਆਲਮ ਏ ਅਮੀਰ ਗੁਰੂ ਗੋਬਿੰਦ ਸਿੰਘ॥
ਕਾਤਬ ਏ ਤਕਦੀਰ ਗੁਰੂ ਗੋਬਿੰਦ ਸਿੰਘ, ਖੁਦ ਖੁਦਾ ਏ ਤਸਵੀਰ ਗੁਰੂ ਗੋਬਿੰਦ ਸਿੰਘ॥
ਹੁਸਨ ਏ ਸਰੂਰ ਗੁਰੂ ਗੋਬਿੰਦ ਸਿੰਘ, ਦੋਸਤ ਏ ਦਸਤੂਰ ਗੁਰੂ ਗੋਬਿੰਦ ਸਿੰਘ॥
ਨਜ਼ਰ ਏ ਨੂਰ ਗੁਰੂ ਗੋਬਿੰਦ ਸਿੰਘ, ਹਾਦਰਾ ਏ ਹਦੂਰ ਗੁਰੂ ਗੋਬਿੰਦ ਸਿੰਘ॥
ਰਾਮ ਏ ਰਹੀਮ ਗੁਰੂ ਗੋਬਿੰਦ ਸਿੰਘ, ਕਰਮ ਏ ਕਰੀਮ ਗੁਰੂ ਗੋਬਿੰਦ ਸਿੰਘ॥

ਨਰ ਏ ਨਸੀਬ ਗੁਰੂ ਗੋਬਿੰਦ ਸਿੰਘ, ਗੁੱਖ ਏ ਗਰੀਬ ਗੁਰੂ ਗੋਬਿੰਦ ਸਿੰਘ॥
ਬਾਪ੍ਰਵਾਹ ਏ ਬੇਪ੍ਰਵਾਹ ਗੁਰੂ ਗੋਬਿੰਦ ਸਿੰਘ, ਬਾਦਸ਼ਾਹ ਏ ਸ਼ਾਹ ਗੁਰੂ ਗੋਬਿੰਦ ਸਿੰਘ॥
ਬੇਆਸਾ ਏ ਆਸ ਗੁਰੂ ਗੋਬਿੰਦ ਸਿੰਘ, ਮੁਹਤਾਜ ਏ ਬੇਮੁਹਤਾਜ ਗੁਰੂ ਗੋਬਿੰਦ ਸਿੰਘ॥
ਤਨ ਮਨ ਧਨ ਤਾਨ ਏ ਗੁਰੂ ਗੋਬਿੰਦ ਸਿੰਘ, ਜਨਕ ਏ ਜਾਨ ਗੁਰੂ ਗੋਬਿੰਦ ਸਿੰਘ॥
ਹਮਦਮ ਏ ਦਰਦ ਗੁਰੂ ਗੋਬਿੰਦ ਸਿੰਘ, ਦੁਖੀ ਏ ਹਮਦਰਦ ਗੁਰੂ ਗੋਬਿੰਦ ਸਿੰਘ॥
ਦੀਨ ਏ ਦਾਤਾ ਗੁਰੂ ਗੋਬਿੰਦ ਸਿੰਘ, ਕਾਨਾ ਏ ਕਾਬਾ ਗੁਰੂ ਗੋਬਿੰਦ ਸਿੰਘ॥
ਪੂਰਨ ਏ ਪੁਰਖ ਗੁਰੂ ਗੋਬਿੰਦ ਸਿੰਘ, ਆਦਿ ਏ ਗੋਰਖ ਗੁਰੂ ਗੋਬਿੰਦ ਸਿੰਘ॥
ਰੱਬੀ ਏ ਅਵਤਾਰ ਗੁਰੂ ਗੋਬਿੰਦ ਸਿੰਘ, ਦਰਸ਼ਨ ਏ ਦੀਦਾਰ ਗੁਰੂ ਗੋਬਿੰਦ ਸਿੰਘ॥
ਸੱਚੀ ਏ ਸਰਕਾਰ ਗੁਰੂ ਗੋਬਿੰਦ ਸਿੰਘ, ਸ਼ਾਹ ਏ ਸ਼ਾਹੂਕਾਰ ਗੁਰੂ ਗੋਬਿੰਦ ਸਿੰਘ॥
ਪੰਚ ਏ ਸਤਿਕਾਰ ਗੁਰੂ ਗੋਬਿੰਦ ਸਿੰਘ, ਪੰਚਮ ਏ ਇਤਬਾਰ ਗੁਰੂ ਗੋਬਿੰਦ ਸਿੰਘ॥

(ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਜਬ ਜਬ ਹੋਸੀ ਅਰਿਸ਼ਟ ਅਪਾਰਾ, ਤਬ ਤਬ ਦੇਹ ਧਾਰੇ ਕਰਤਾਰਾ॥
ਅਕਾਲ ਪੁਰਖ ਜਬ ਭਇਓ ਦਿਆਲ, ਤਬ ਤਬ ਸੰਤ ਜਨੋ ਕੀ ਕੀਓ ਸੰਭਾਲ॥
ਗੁਰਦੇਵ ਮਾਹੇ ਭੇਦ ਬਤਾਇਆ, ਧਰਮ ਸੇ ਵਰਨ ਕਰਮ ਸੇ ਜਾਤ॥
(ਯਕੀਨ)

(ਦੋਹਾ)

ਜਿਸ ਹਰਿ ਨਾਮ ਮਨ ਭਾਏ,
ਸੋ ਜਨ ਮੁਕਤ ਪਾਏ ਹਰਿ ਰਾਏ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਜਲ ਥਲ ਗਗਨ ਤੇਰਾ ਪਸਾਰਾ॥

ਸੂਰਜ ਚੰਦ ਉਗਵੈ ਦਿਨ ਰਾਤੀ, ਗੁਰ ਬਿਨ ਘੋਰ ਅੰਧਾਰਾ॥

ਦਿਓ ਮੀਤ ਸਜਨ ਮੇਰੇ ਰਾਮਾ, ਮੇਰੇ ਜਗਨ ਨਾਥਾ॥

ਆਪ ਬਿਠਾਵੇ ਸਦ ਸੰਗਤ ਆਪ ਕੀਓ ਪਰਵਾਨਾ॥

ਬੰਦਨਾ ਕਰੂੰ ਤੁਧ ਆਗੇ ਮੇਰੇ ਰਾਮਾ, ਦਰਸ਼ਨ ਦੇਓ ਸੋਢੀ ਸੁਲਤਾਨਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤ੍ਰੇਤਾ ਰਾਮ ਅਵਤਾਰ ਧਾਰੇ, ਦਸ਼ਰਥ ਰਾਜਨ ਆਂਗਨ ਕੁਸ਼ੱਲਿਆ ਨਾਰੀ॥
ਰਾਜ ਤਿਆਗ ਚਲੇ ਬਨ ਕੋ ਲਖਮਨ ਸੰਗ ਜਾਨਕੀ ਪਿਆਰੀ॥
ਹੱਕ ਦਿਵਾਵਣ ਭਗਤ ਸੁਗਰੀਵੇ ਪਰਲੋਕ ਭੇਜਿਓ ਬਾਲੀ ਹੰਕਾਰੀ॥
ਜਾਤ ਪਾਤ ਭੇਦ ਛੋਡ ਸਭਹਿ ਭੀਲਣ ਨੀਚ ਜੀਓ ਕਿਰਪਾ ਧਾਰੀ॥
ਰਘੂਕੁਲ ਰੀਤ ਰਾਖੀ ਲਾਜ ਲੰਕੇਸ਼ ਮਾਰ ਪ੍ਰਜਾ ਸਵਾਰੀ॥
ਦਰਸ਼ਨ ਕਹਿਤ ਪ੍ਰਭ ਕਿਰਪਾ ਕੀਨੋ ਮੋਹੇ ਨੀਚ ਕੋ ਅਬ ਓਟ ਤੁਮਾਰੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤਿਸ ਸਤਿਗੁਰ ਮਹਿ ਜਾਊਂ ਬਲਿਹਾਰ,
ਜਿਸ ਗੁਰੂ ਮਿਲਾਇਓ ਮਿਹਰਬਾਨ॥
ਤਿਸ ਸਤਿਗੁਰ ਮਹਿ ਕਰੂੰ ਬੇਨੰਤੀ, ਜਿਸ ਗੁਰੂ ਦਇਓ ਦਇਆਵਾਨ॥
ਤਿਸ ਸਤਿਗੁਰ ਮਹਿ ਸੇਵ ਕਮਾਵਾਂ, ਜਿਸ ਗੁਰੂ ਭੇਦ ਇਕ ਸਮਾਨ॥
ਤਿਸ ਸਤਿਗੁਰ ਮਹਿ ਕਰੂੰ ਚਾਕਰੀ, ਜਿਸ ਗੁਰੂ ਮਨ ਮਾਨੇ ਮਾਨ॥
ਮੇਰੇ ਮਨ ਹਰਿ ਪ੍ਰੀਤ ਲਾਗੀ, ਦਰਸ਼ਨ ਛੂਟੇ ਸਭ ਅਭਿਮਾਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੁਝਸੇ ਬਿਛੁੜੇ ਗੋਬਿੰਦ ਠਾਕੁਰ ਦਾਤ ਸੰਗ ਕੀਏ ਪਿਆਰ,

ਦਾਤਾਰ ਦਾਤੇ ਨਾਨਕ ਗੋਬਿੰਦ, ਤਿਨਹੇ ਡੰਡੌਤ ਨਮਸਕਾਰ॥

ਕਾਲ ਭਾਨੀ ਦੀਜੈ ਦਾਨ ਅਪਣੀ ਕਿਰਪਾ ਧਾਰ,

ਆਦਿ ਨਾਰਾਇਣ ਆਦਿ ਨਾਰੀ ਮਹਾਦੇਵਾ,

ਨਵ ਸ਼ਕਤੀ ਪਾਰਵਤੀ ਗੁਰੂ ਬ੍ਰਹਮਾ ਵਿਸ਼ਨੂੰ ਮਹੇਸ਼॥

ਕਾਰਤਿਕ ਕੀਓ ਕੀਰਤੀ ਗੁਣ ਗੁਣਿਆਈ ਮੰਗਲ ਗਣੇਸ਼,

ਨਾਸ ਕੀਓ ਦੁਸ਼ਟ ਦੈਂਤ ਰਾਵਣ ਕੰਸ ਹਰਨਾਕਸ਼,

ਚੰਡ ਮੁੰਡ ਨਰਸਿੰਘ ਕੀਓ ਆਦੇਸ਼॥

ਕੀਓ ਪ੍ਰਗਟ ਭਗਵਤੀ ਚੰਡੀ ਪਿਤਾ ਦਸ਼ਮੇਸ਼,

ਪੁੱਤਰ ਕੀਓ ਪ੍ਰਭ ਕੇ ਅਧੀਨ ਨਾਨਕ ਪ੍ਰਾਪਤ ਕਾਇਆ ਕਲਪ ਕਾਲਿੰਗਾ,

ਸਤਿਗੁਰ ਸਤਿਪੁਰਖ ਸੰਤ ਸੁਜਾਨ॥

ਆਦਿ ਜੁਗਾਦਿ ਹੈ ਭੀ ਹੋਸੀ ਸੱਚ ਸੇਵਾ ਦਰਸ਼ਨ ਨਾਮ ਅਧਾਰ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੁਮ ਪਾਤਸ਼ਾਹੋਂ ਕਾ ਪਾਤਸ਼ਾਹ, ਸੱਚਾ ਪਾਲਨਹਾਰ ਜੀਓ॥
ਨਾਮ ਤੁਮਾਰਾ ਸਿਮਰ ਠਾਕੁਰ ਮੇਰੇ, ਕਿਰਪਾ ਕਰੋ ਗੋਬਿੰਦ ਦਾਤਾਰ ਜੀਓ॥
ਤੁਮ ਈਸ਼ਵਰ ਤੁਮ ਆਲਮਦੀਗਾਰ, ਮੇਰੋ ਅੰਤਰਯਾਮੀ ਪੁਰਖ ਮੁਰਾਰੇ॥
ਤੇਰਾ ਰੂਪ ਅਨੇਕਾ ਰੰਗ ਜੀਓ, ਮਹਿਮਾ ਤੇਰੀ ਅਪਰੰਪਾਰ॥
ਦਰਸ਼ਨ ਜਨ ਕਰੇ ਅਰਜੋਈ, ਦਰਸ ਦੀਜੇ ਗੁਰੂ ਨਾਨਕ ਸੁਲਤਾਨ ਜੀਓ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੁਮ ਮੇਰੋ ਸਾਹਿਬ ਊਚ ਮਹਾਨ,
ਮਨਮੋਹਨ ਤੇਰੇ ਬਲਿ ਬਲਿ ਜਾਊਂ ਦੀਜੋ ਮੋਹੇ ਵਰਦਾਨ॥
ਰਾਮ ਨਾਮ ਕੀ ਬਰਖਾ ਹੋਇ, ਪ੍ਰੇਮ ਰਸ ਦੀਜੋ ਮੋਹੇ, ਮਿਟੇ ਜਨਮੋਂ ਕੀ ਪਿਆਸ॥
ਵੱਡੇ ਤੇਰੇ ਮਹਿਲ ਚੁਬਾਰੇ, ਖੇਲੇ ਖੇਲ ਜਗ ਸੇ ਨਿਆਰੇ,
ਬੇਦ ਕਤੇਬ ਕਰੇ ਬਖਾਨ॥
ਤੂੰ ਸਾਜਨ ਤੁਮ ਪ੍ਰੀਤਮ ਪਿਆਰੇ, ਦੀਜੋ ਸ਼ਰਣ ਦਾਸ ਪੁਕਾਰੇ,
ਦਰਸ਼ਨ ਜਾਊਂ ਬਲਿਹਾਰ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੁਮ ਮੇਰੇ ਪ੍ਰੀਤਮ ਪ੍ਰਭ ਕਿਰਪਾਲ, ਸ਼ਬਦ ਜਪਤ ਮਨ ਭਇਓ ਨਿਹਾਲ॥
ਗੁਰ ਬਿਨ ਗਿਆਨ ਨਾ ਹੋਸੀ ਭਾਈ, ਗੁਰ ਬਿਨ ਪੂਰੀ ਭਗਤੀ ਨਾ ਹੋਈ॥
ਪ੍ਰਣਵਤ ਪੂਰਣ ਗੁਰੂ ਨਾਨਕ ਸਾਂਈ, ਦਰਸ ਦੇਖਤ ਜਮ ਕੀ ਛੂਟੀ ਫਾਹੀ॥
ਏਕੋ ਤੇਰੀ ਕੁਦਰਤ ਮੇਰੇ ਸਤਿਗੁਰੂ, ਏਕੋ ਰੂਪ ਸਾਧ ਸੰਗਤ ਸੰਗ ਸਮਾਈ॥
ਮੈਂ ਨਾ ਜਾਨੋ ਗੁਣ ਅਵਗੁਣ ਧਰਮ ਕਰਮ,
ਦਰਸ਼ਨ ਦਾਸ ਗੁਰ ਪੂਰੇ ਸੰਗ ਮਿਟੇ ਭਰਮ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਅੱਲਾ ਤੂੰ ਰਾਮ ਰਹੀਮ, ਤੁਮ ਮਾਨਿਆ ਮਨ ਮਾਨੇ॥
ਠਾਕੁਰ ਪ੍ਰਿਤਪਾਲ ਸਤਿਗੁਰ, ਤੂੰ ਜਿਨਹੇ ਜਨਾਇ ਸੋਈ ਜਾਨੇ॥
ਸਾਧ ਸੰਗ ਜਿਸ ਹਰਿ ਹਰਿ ਨਾਮ ਧਿਆਇਆ,
ਦਰਸ਼ਨ ਮੁਕਤ ਅਧਾਰਾ, ਨਾਮ ਰਸ ਫਲ ਪਾਇਆ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਸਖੀ ਤੂੰ ਸਖਾ, ਨਾਨਕ ਪ੍ਰਭ ਗੁਰਮੁਖ ਰਾਖਾ ਜੀਓ॥
ਨੈਨ ਤਰਸਨ ਤੁਮਾਰੇ ਦਰਸ਼ਨ, ਮਨ ਸਾਧ ਸੰਗਤ ਬਿਗਾਸਾ॥
ਤੂੰ ਮੇਰਾ ਬੰਧਪ ਤੂੰ ਮੇਰਾ ਸੁਆਮੀ, ਹਰਿ ਤੁਮ ਆਪ ਭ੍ਰਾਤਾ॥
ਮਨ ਪਿਆਸ ਸਤਾਵੇ ਦਿਨ ਰਾਤੀ, ਅੰਮ੍ਰਿਤ ਨਾਮ ਪ੍ਰਭ ਤਾਂਕਾ॥
ਹਾਥ ਜੋੜ ਬੰਦਨਾ ਤੁਧ ਆਗੇ, ਦਰਸ਼ਨ ਨਿਮਾਣੇ ਕਾਟੋ ਪਾਪ ਹਮਾਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਸਭਨੀ ਥਾਂਈ ਜਿੱਥੇ ਹਉਂ ਜਾਂਈ,
ਤੇਰੇ ਗੋਸਾਂਈ, ਤੇਰੇ ਸਾਂਈ, ਤੇਰੇ ਸਾਂਈ॥
ਸੁਨੇਂਦੜੇ ਸੋਹਣੇ ਸੁੰਦਰ ਸ਼ਾਮ,
ਰਾਧਾ ਕੰਤ ਭਏ ਹੋਏ ਸਹਾਈ,
ਤੂੰ ਸਭਨੀ ਥਾਂਈ ਤੂੰ ਸਭਨੀ ਥਾਂਈ,
ਤੂੰ ਸਭਨੀ ਥਾਂਈ ਹਰਿ ਰਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਦੋਹੇ)

ਤੂੰ ਸਾਂਈ ਦੀਨ ਦਿਆਲਾ, ਤੂੰ ਮੇਰਾ ਪ੍ਰੀਤਮ ਪ੍ਰਿਤਪਾਲਾ॥
ਤੂੰ ਨਦਰ ਕਰੇ ਜਿਸ ਤੇ ਕਰਤਾਰ, ਸੋਈ ਉਤਰੇ ਭਵਜਲ ਪਾਰ॥
ਤੂੰ ਸਭ ਤੋਂ ਸੁੱਘੜ ਸਿਆਣਾ, ਮੁਝ ਨਾਹੀ ਗੁਣ ਸਾਰ ਨਾ ਜਾਣਾਂ॥
ਨਾਮ ਰਤਨ ਤੁਧ ਸਿਉਂ ਪਾਏ, ਤੇਰੀ ਉਪਮਾ ਜੀਹਵਾ ਗਾਏ॥
ਰੋਮ ਰੋਮ ਮੇਂ ਨਾਮ ਸਮਾਏ, ਦਰਸ਼ਨ ਨਦਰ ਕਰੋ ਹਰਿ ਰਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਬੇਅੰਤ ਬਖਸ਼ੰਦ ਬਖਸ਼ਣਹਾਰ ਬਾਬਾ,
ਗੋਕੁਲ ਮਥੁਰਾ ਰਾਮਾ ਕ੍ਰਿਸ਼ਨਾ ਅੱਲ੍ਹਾ ਹੂ ਏ ਮੱਕਾ ਕਾਅਬਾ॥
ਵੇਦ ਪੁਰਾਣ ਕਤੇਬ ਸਭਹਿ ਜੋਗੀ ਜੋਗੇਸ਼ਵਰ ਢੂੰਡ ਥੱਕੇ॥

(ਯਕੀਨ)

(ਦੋਹਾ)

ਤੂੰ ਦੇਂਦਾ ਆਇਆ ਦੇਵਣਹਾਰ, ਤੂੰ ਕਰਤਾ ਪੁਰਖ ਮੁਕੰਦ ਮੁਰਾਰ॥
ਤੂੰ ਆਪੇ ਲਾਵੇਂ ਲਿਵ ਕਰਤਾਰ, ਤੂੰ ਆਪੇ ਕਰਦਾ ਭਉਜਲ ਪਾਰ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਤੂੰ ਮਹਾਰਾਣੀ ਜੱਗ ਕਲਿਆਣੀ ਨਵਸ਼ਕਤੀ ਮਾਂ ਆਦਿ ਭਵਾਨੀ॥
ਮਹਿਸਾਸੁਰ ਦੈਂਤ ਸੰਹਾਰੇ, ਚੰਡਮੁੰਡ ਰਾਕਸ਼ਸ਼ ਮਾਰੇ॥
ਵਧ ਕੀਓ ਭੈਰਓ ਵਲੀ ਕਾ, ਜੈ ਜੈਕਾਰ ਹੋਵੇ ਵੈਸ਼ਨੂੰ ਰਾਣੀ॥
ਨੈਨਾ ਦੇਵੀ ਰੂਪ ਨਿਰਾਲਾ, ਭਦ੍ਰਕਾਲੀ ਮਾਤ ਜਵਾਲਾ॥
ਅਸ਼ਟ ਭੁਜੀ ਸਿੰਘ ਸਵਾਰੀ, ਕਲਹ ਕਲੇਸ਼ ਦੁੱਖ ਨਿਵਾਰੀ॥
ਚਿੰਤਾ ਪੁਰਣੀ ਚਿੰਤਾ ਹਰਦੇ, ਮਨਸਾ ਦੇਵੀ ਪੂਰੀ ਮਨਸਾ ਕਰਦੇ॥
ਚੌਮੁੰਡਾ ਦੇਵੀ ਮਾਂ ਸ਼ਾਰਧਾ ਪਿਆਰੀ,
ਸੀਤਲਾ ਮਈਆ ਕਰੋ ਆਪ ਰਖਵਾਰੀ॥

ਬ੍ਰਹਮਾ ਵਿਸ਼ਨੂੰ ਮਹੇਸ਼ ਧਿਆਵੇ, ਰਿਸ਼ੀ ਮੁਨੀ ਵਰ ਤੁਝ ਤੇ ਪਾਵੇ॥
ਮਹਿਮਾ ਤੁਮਰੀ ਜਗ ਸੇ ਨਿਆਰੀ, ਦਰਸ਼ਨ ਦੀਜੋ ਆਦਿ ਕਵਾਰੀ॥

(ਯਕੀਨ)

(ਸ਼ਲੋਕ)

ਤੇਰੀ ਕੁਦਰਤ ਤੇਰੀ ਜੰਨਤ, ਅਜਬ ਤੇਰਾ ਸੰਸਾਰਾ,
ਤੇਰੀ ਰਚਨਾ ਤੂੰ ਹੀ ਜਾਣੇ, ਮਾਨਸ ਥੱਕ ਹਾਰਾ॥
ਮਨ ਤੂੰ ਕਾਹੇ ਫਿਰੇ ਨਾਦਾਨ, ਬਾਹਰ ਢੂੰਡੇ ਮਿਲ ਨਾਹੀ ਪਾਏ, ਪੂਰਨ ਭਗਵਾਨ॥
ਬਾਹਰ ਢੂੰਡੇ ਕਿਛ ਹਾਥ ਨਾ ਆਏ, ਅੰਦਰ ਦੇਹੀ ਸਭ ਕਿਛ ਪਾਏ,
ਇਹ ਬਿਧ ਗੁਰ ਆਪ ਬਤਾਏ, ਜੋ ਹਰਿ ਸਿਉਂ ਪ੍ਰੀਤ ਲਗਾਏ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਤੂੰ ਮਾਈ ਤਿੰਨ ਪੂਤ ਜਾਈ, ਬ੍ਰਹਮ ਮਹੇਸ਼ ਵਿਸ਼ਨਵ ਤਾਂਈ॥
ਸ਼ਿਵ ਸ਼ਕਤੀ ਬਿਨ ਚਲੇ ਨਾ ਖੁਦਾਈ,
ਦਰਸ ਦੇਓ ਮੇਰੇ ਨਾਨਕ, ਸੁਣੋ ਬੇਨਤੀ ਗੋਬਿੰਦ ਗੋਸਾਂਈ॥
ਪਰਮਗਤ ਜਾਨੀ ਮਨ ਮਾਨੀ,
ਗੋਬਿੰਦ ਗੋਬਿੰਦ ਜਪੇ ਮਨ ਮੇਰਾ, ਗੁਰ ਬਿਨ ਸੰਗੀ ਨਾ ਕੋ ਤੇਰਾ॥
ਸਤਿਗੁਰ ਸੰਗ ਹਰਿ ਕੀਰਤਨ ਗਾਵਾਂ,
ਚਰਣ ਧੋਵਾਂ ਸੰਤ ਸਜਨ ਕੇ, ਜਨਮ ਜਨਮ ਕੇ ਦੂਖ ਗਵਾਵਾਂ॥
ਇਹ ਹੁਕਮ ਮੰਨ ਹੋਵਾਂ ਪਰਵਾਨ, ਦਰਸ਼ਨ ਗੁਰ ਆਪਣੇ ਜਾਉਂ ਕੁਰਬਾਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਮੇਰਾ ਠਾਕੁਰ ਗੋਬਿੰਦ ਗੋਸਾਂਈ, ਰਾਖੋ ਪੈਜ ਮੇਰੇ ਸਾਂਈ ਜੀਓ॥
ਮੈਂ ਨਿਰਗੁਣ ਕੋ ਗੁਣ ਨਾਹੀ, ਸੇਵ ਕਮਾਵਾਂ ਨਾਮ ਧਿਆਵਾਂ,
ਤੁਝ ਤੇ ਹਉਂ ਕੁਰਬਾਨ ਜਾਵਾਂ॥
ਚਸਾਂ ਨਾ ਬਿਛੁੜੇ ਹਰਿ ਜੀਓ, ਸਾਜਨ ਮੀਤ ਧਨ ਥਾਨ ਸੁਹਾਵਾ,
ਅਨਹਦ ਸ਼ਬਦ ਪ੍ਰਭ ਦੀਜੈ, ਮੇਰੇ ਸਾਜਨ ਮੀਤ ਪਿਆਰੇ॥
ਆਪੇ ਕਰਤਾ ਆਪ ਕਰਾਵੈ, ਨਾਨਕ ਜੋ ਤੁਧ ਮਨ ਭਾਵੈ,
ਹਮ ਨੀਚ ਕਰਸਾਂ ਅਰਜੋਈ, ਦਰਸ਼ਨ ਨਿਮਾਣੇ ਹਰਿ ਦੀਜੈ ਢੋਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਵੱਡਾ ਤੇਰਾ ਨਾਂਓ ਵੱਡਾ, ਵੱਡੇ ਤੇਰੇ ਖੇਲ ਪਿਆਰੇ, ਮੈਂ ਜਾਓਂ ਬਲਿਹਾਰੇ॥
ਤੇਰੇ ਦਰਬਾਰੇ ਸੋਹਵੇ ਸੰਗਤ, ਅਜਬ ਨਿਰਾਲੀ ਤੇਰੀ ਰੰਗਤ,
ਮੇਰੇ ਗਿਰਵਰਧਾਰੇ॥
ਰਾਜਾ ਰੰਕ ਬਰਾਬਰ ਜਾਨਿਓ, ਉੱਤਮ ਨੀਚ ਭੇਦ ਨਾ ਮਾਨਿਓ,
ਮੇਰੇ ਪੁਰਖ ਮੁਰਾਰੇ॥
ਤੂੰ ਦਿਆਲਾ ਤੂੰ ਕਿਰਪਾਲਾ, ਤੂੰ ਮੇਰਾ ਪ੍ਰੀਤਮ ਪ੍ਰਿਤਪਾਲਾ, ਦੀਜੋ ਨਾਮ ਦਾਤਾਰੇ॥
ਆਪੇ ਬਖਸ਼ੇ ਤੂੰ ਵਡਿਆਈ, ਜੋ ਤੇਰੇ ਮਨ ਭਾਈ, ਦਰਸ਼ਨ ਪਾਰ ਉਤਾਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੇਰਾ ਕੀਰਤਨ ਕੀਰਤੀ, ਕਿਰਤ ਕਰਾਂ ਦਿਨ ਰਾਤ॥
ਬੈਕੁੰਠ ਵਸੈ ਰਾਮ ਦਿਆਲਾ ਜੀਓ, ਬਿਨ ਨਾਮੇ ਹਉਂ ਕਮਜਾਤ॥
ਨਾਮ ਕਮਾਵੈ ਹਰਿ ਗੁਣ ਗਾਵੇ, ਸਤਿਗੁਰੂ ਸ਼ਰਣ ਅੰਮ੍ਰਿਤ ਭੋਜਨ ਪਾਵੈ॥
ਹਰ ਵੇਲੇ ਵਾਹੋ ਵਾਹੋ ਗੁਰ ਰਸਨ ਬਖਾਨੇ,
ਕਿਰਪਾ ਕਰੋ ਮੇਰੇ ਠਾਕੁਰ ਮਿਹਰਬਾਨੇ॥
ਮਨ ਅੰਨ ਪਾਣੀ ਨਾ ਭਾਵੇ ਜੀਓ,
ਦਰਸ਼ਨ ਨਿਮਾਣੇ ਤੁਝ ਬਿਨ ਕਿਵੇਂ ਸੁੱਖ ਪਾਵੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੇਰਾ ਨਾਮ ਹਰੀ ਹਰਿ ਪੂਰਾ, ਦੀਜੋ ਦਾਨ ਸਾਧੂ ਕੀ ਧੂੜਾ॥

ਸਤਿਗੁਰੂ ਮੇਰੇ ਗੁਰੂ ਨਾਨਕ ਸਾਂਈ,

ਗੁਰੂ ਨਾਰਾਇਣ ਸਤਿਗੁਰੂ ਦੀਨ ਕੇ ਦਾਤਾ ਜੀਓ॥

ਆਪਨੇ ਭਗਤੋਂ ਕੋ ਦੀਜੈ ਵਡਿਆਈ, ਸੱਚ ਅਟੱਲ ਨਿਧਾਨ ਕਮਾਈ,

ਸੱਚ ਸਾਹਿਬ ਸੰਗ ਹੋਵੋ ਸਹਾਈ॥

ਜਨ ਦਰਸ਼ਨ ਕੀ ਸੁਣੋ ਅਰਜੋਈ, ਬਿਨ ਨਾਮੈ ਨਾ ਮੁਕਤ ਪਾਵੈ ਕੋਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੇਰੀ ਮਹਿਮਾ ਬੇਦਾਂ ਤਹਿ ਨਾਹੀ ਜਾਣੈ, ਸੰਤ ਕੀ ਸ਼ਰਣ ਹਰਿ ਰੰਗ ਮਾਣੈ॥
ਤੂੰ ਮੇਰਾ ਰੰਗ ਰੰਗੀਲਾ ਸਾਜਨ, ਦਰਸ ਦੇਓ ਮੇਰੇ ਰਾਮ ਗੋਪਾਲਾ॥
ਆਪੇ ਸਾਜੇ ਸਗਲ ਸੰਸਾਰਾ, ਸਗਲ ਵਸਤੁ ਮਾਹਿ ਤੇਰਾ ਪਸਾਰਾ॥
ਇੱਕ ਵਸਤੁ ਗੁਰੂ ਦੇਵੈ ਭਾਈ, ਦਰਸ਼ਨ ਮੁਕਤ ਹਰਿ ਨਾਮ ਬਿਨ ਨਾ ਪਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੇਰੇ ਗੋਸਾਂਈ ਰਾਮ ਰਹੀਮ ਕਰਤਾ,
ਅਕਾਲ ਨਰ ਨਿਰੰਜਨ ਨਿਰੰਕਾਰ ਗੁਰ ਪ੍ਰਸਾਦਿ ਮੁਕਤ ਪਾਇ॥
ਤੇਰੇ ਸਾਂਈ ਦਰਸ਼ਨ ਅਗੰਮ ਗੋਸਾਂਈ,
ਰਾਮ ਰਹੀਮ ਬੈਠੇ ਇਕੱਠੇ ਬਖੇਲੀ ਜਗ ਮਾਹੇ ਸਮਾਈ॥
ਸੋ ਜਨ ਜਾਣੇ ਜਿਨਹੇ ਜਨਾਈ ਤੇਰੇ ਸਾਂਈ ਦਰਸ਼ਨ ਅਗੰਮ ਗੋਸਾਂਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੇਰੇ ਭਰੇ ਭੰਡਾਰੇ ਲਾਲ ਜੀਓ, ਤੇਰੇ ਖੇਲ ਨਿਆਰੇ॥
ਜੁਗਾਂ ਜੁਗੰਤਰ ਹਰਿ ਆਪੇ ਵੰਡਦਾ ਆਇਆ,
ਭਗਤ ਵਸਲ ਤੇਰੇ ਨਾਮ ਦੁਆਰੇ॥
ਤਨ ਕੁੱਲੀ ਗੁੱਲੀ ਸਿਮਰਨ ਤੇਰਾ, ਚਮਕੀ ਜੁੱਲੀ ਸਬੰਸਤ ਪੰਚ ਪਿਆਰੇ॥
ਲੇਵਤ ਦੇਵਤ ਕਰਤਾ ਆਇਆ, ਸੇਵ ਗੁਰੂ ਚੌਹੁੰ ਧਰਮ ਤੁਮਾਰੇ॥
ਦਰਸ਼ਨ ਦਾਸ ਤੇਰੀ ਮਹਿਮਾ ਗਾਵੈ, ਅਨੰਤ ਬੇਅੰਤ ਤਾਂਕੇ ਊਂਚੇ ਦੁਆਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤ੍ਰੈ ਨਾਰੀ ਤਿਨਹੇ ਆਦਿ ਕੁਆਰੀ, ਬ੍ਰਹਮਾ ਵਿਸ਼ਨੂੰ ਮਹੇਸ਼ ਤਾਰੀ॥
ਸਰਸਵਤੀ ਅਸ਼ਟ ਲਕਸ਼ਮੀ ਅਸ਼ਟ,
ਉਮਾ ਅਸ਼ਟ ਵੈਸ਼ਨੂੰ ਅਸ਼ਟ॥
ਸਿੰਘ ਨਿਰੰਕਾਰ ਨਿਰੰਜਨ ਨਾਨਕ ਗੋਬਿੰਦ,
ਨਮੈ ਨਮੇਓ ਨਮੇਓ ਨਮੇਓ ਨਮੇਓ ਔਰ ਨਮੇਓ ਗੰਗੋਤ੍ਰੀ,
ਤ੍ਰਿਲੋਕੀ ਰਾਮ ਨਮੇਓ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਦਇਆ ਸਤਿ ਸੰਤੋਖ ਨਾਮ ਚਾਰੇ ਧਰਮ ਕਹਾਵੈ॥
ਚੌਂਹ ਧਰਮੀ ਧਰਮ ਭਇਓ ਇੱਕ ਵਰਣੀ ਨਾਨਕ ਕਰਤਾ,
ਤਪ ਤਪਸਿਆ ਤਜੇਂਦੇ ਮਾਹੀ ਤੁਝ ਬਿਨ ਚਿੱਤ ਨਹੀਂ ਕਰਦਾ॥
ਜੇ ਚਿੱਤ ਆਵੇ ਤੂੰ ਮੇਰੇ ਸਤਿਗੁਰ ਰੱਖ ਲੇਓ ਪ੍ਰਿਤਪਾਲ ਗੋਸਾਂਈ,
ਤੁਝ ਬਿਨ ਦੁੱਖ ਘਨੇਰੇ ਸਹਿਣੇ ਮੇਰੇ ਰਾਮ ਦੀਨ ਦਿਆਲ ਸਾਂਈ॥
ਤੁਝੇ ਧਿਆਇਆ ਸੁੱਖ ਘਨੇਰਾ ਪਾਇਆ ਮੇਰੇ ਹਰਿ ਰਾਇਆ,

ਰਾਖ ਲੇਓ ਮੇਰੇ ਸਤਿਗੁਰ ਸਾਂਈ,
ਪਾਰਬ੍ਰਹਮ ਪੂਰਨਬ੍ਰਹਮ ਚੌਂਹ ਧਰਮਾਂ ਦੇ ਸਾਂਈ॥
ਦਾਸ ਦਾਸਨ ਕੋ ਥਾਪਿਆ ਹਮ ਭੂਲੇ ਦਰਸ਼ਨ ਏਕੋ ਠਾਕੁਰ ਦੇਸਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਦਰਸ ਦੇਓ ਮੇਰੇ ਰਾਮ ਜੀਓ, ਦਇਆ ਕਰੋ ਪ੍ਰਭ ਗੋਬਿੰਦ ਦਾਤਾਰੇ॥
ਕਿਰਪਾ ਨਿਧਾਨ ਪ੍ਰਭ ਬਖਸ਼ੰਦ, ਮੁਕਤ ਕੀਓ ਮੇਰੇ ਪਿਆਰੇ॥
ਸਿਮਰ ਸਿਮਰ ਪ੍ਰਭ ਆਪਨਾ, ਜੀਵਾਂ ਮੈਂ ਪ੍ਰਾਣ ਅਧਾਰੇ॥
ਆਦਿ ਪੁਰਖ ਭਗਵਤੀ, ਤਿਨਹੇ ਡੰਡੌਤ ਨਮਸਕਾਰੇ॥
ਤਨ ਮਨ ਸੀਤਲ ਹੋਆ, ਚਰਣ ਕਮਲ ਹਰਿ ਹਿਰਦੇ ਧਾਰੇ॥
ਦਾਨ ਦੇਓ ਜਨ ਆਪਨੇ, ਦਰਸ਼ਨ ਪ੍ਰਭ ਸਿਰਜਨਹਾਰੇ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਦਿਓ ਦਾਨ ਨਾਮ, ਆਪਨੇ ਦਾਸਨ ਕੋ॥

ਨਿਰੰਕਾਰ ਨਰ ਨਾਰਾਇਣ, ਨਰ ਨਿਰੰਜਨ ਨਰ ਨਿਰੰਜਨ,

ਨਿਰੰਜਨ ਨਾਨਕ ਨਾਨਕ ਗੋਬਿੰਦ॥

ਏਕ ਰੂਪ ਏਕ ਸਰੂਪ ਕਲਿ ਮਾਹਿ,

ਜਹਾਂ ਦੇਖੂੰ ਵਹਾਂ ਤੂੰ ਹੈ ਦਰਸ਼ਨ,

ਅਗੰਮ ਮਾਹੀਂ ਤੂੰ ਸਭਨੀ ਥਾਂਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਦੀਓ ਮੋਹੇ ਨਾਮ ਦਾਨ, ਇਹ ਗੁਰ ਕੀ ਵਡਿਆਈ,
ਨਾਮ ਧਿਆਊਂ ਹਰਿ ਗੁਣ ਗਾਊਂ, ਚਿੱਤ ਇਹੋ ਆਸ ਲਗਾਈ॥
ਅਵਰ ਨਾ ਡਿੱਠਾ ਤੁਧ ਜੇਹਾ, ਮੈਂ ਸਭ ਜਗ ਢੂੰਡ ਆਲਾ,
ਤੁਧ ਸੰਗ ਨੇਹ ਤੁਧ ਸੰਗ ਪ੍ਰੀਤ ਮਨ ਤਨ ਏ ਲਾਈ॥
ਮੈਂ ਕਿਛ ਨਾਹੀ ਤੂੰ ਏ ਸਭ ਕਿਛ,
ਤੇਰੀ ਕੁਦਰਤ ਤੂੰ ਏਂ ਸਭ ਵਿਚ, ਓ ਮੇਰੇ ਰਾਮ ਰਘੁਰਾਈ॥
ਬਿਨ ਤੇਰੇ ਮੋਹੇ ਕਿਛ ਨਹੀਂ ਭਾਵੇ, ਤੇਰੀ ਉਪਮਾ ਜੀਹਵਾ ਗਾਵੇ,
ਕਰੋ ਨਦਰ ਏ ਦਰਸ਼ਨ ਸਾਂਈ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਦੀਨ ਦਿਆਲ ਸਤਿਗੁਰ ਪੁਰਖ ਹਮਾਰੇ, ਹਰਿ ਸਾਜਨ ਮੀਤ ਪਿਆਰੇ॥

ਦਇਆ ਕਰੋ ਪ੍ਰਿਤਪਾਲ ਠਾਕੁਰ ਜੀਓ,

ਰਾਂਮ ਨਾਮ ਸਮੁੰਦ ਜੀਓ, ਪੱਥਰ ਤਾਰੇ॥

ਹਮ ਨੀਚ ਕਿਛ ਜਾਨਓ ਨਾਹੀ, ਤੁਮ ਭਇਓ ਖਸਮ ਹਮਾਰੇ ਹਰਿ ਰਾਇ॥

ਰਾਖ ਲੇਓ ਰਾਖਨਹਾਰ ਸੁਆਮੀ, ਦਰਸ਼ਨ ਗਰੀਬ ਢਹਿ ਪਇਓ ਦੁਆਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਦੀਨ ਦਿਆਲ ਰਾਮ ਪ੍ਰਭ ਸ਼ਾਮ ਅਬਿਨਾਸੀ॥
ਨ ਨਿਰੰਕਾਰ ਕਲਿ ਮਾਹਿ ਨਾਨਕ,
ਦਰਸ਼ਨ ਦਾਸ ਤੇਰੀ ਸ਼ਰਣਾਈ ਹਰਿ ਰਾਇ॥
ਤੂੰ ਸਭਨੀ ਥਾਂਈ ਜਿਥੇ ਹਉ ਜਾਂਈ,
ਤੁਝ ਬਿਨ ਨੀਂਦ ਨੈਨਣ ਨਾ ਆਵੇ,
ਤੁਧ ਬਿਨ ਮਨ ਲੋਚਦਾ ਹਰਿ ਰਾਇ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਧੰਨ ਨਿਰੰਕਾਰ ਜੋ ਕਰੇ ਸੋ ਕਰਤਾਰ,

ਨਾਨਕ ਏਕ ਓਂਕਾਰ ਸਤਿਨਾਮ ਵਾਹਿਗੁਰੂ॥

ਨਾਨਕ ਸੱਚ ਹੈ ਨਾਨਕ ਹੈ ਭੀ ਸੱਚ,

ਨਾਨਕ ਸੱਚ ਹੈ ਨਾਨਕ ਸਦਾ ਹੀ ਸੱਚ॥

ਧੰਨ ਨਿਰੰਕਾਰ ਜੋ ਕਰੇ ਸੋ ਕਰਤਾਰ,

ਨਾਨਕ ਏਕ ਓਂਕਾਰ ਸਤਿਨਾਮ ਵਾਹਿਗੁਰੂ॥

ਅਕਾਲ ਮੂਰਤ ਕਰਤਾ ਪੁਰਖ, ਅਜੂਨੀ ਸੈਭੰ ਸਤਿਗੁਰ ਪ੍ਰਸਾਦਿ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਧੰਨ ਸ਼ਿਵ ਤ੍ਰਿਲੋਕੀ ਨਾਥਾ, ਸ਼ਕਤੀ ਭੇਦ ਦਿਓ ਸਵਾਰੀ॥
ਬਾਂਧੀ ਨਾ ਛੂਟੇ ਦਾਸ ਕੀ ਜੋ ਬਾਂਧੇ ਤੁਮਾਰੀ॥
ਰ ਰਹੀਮ ਰਾਮ ਨਾਨਕ, ਗੋਬਿੰਦ ਸੰਗ ਸੁਹਾਗਣਾ, ਖਸਮਾਨੇ ਸ਼ਰਣ ਤੁਮਾਰੀ॥
ਤੂੰ ਸਹਾਈ ਮੇਰੇ ਸਤਿਗੁਰ ਜੀਓ, ਹਮ ਭਇਓ ਦਾਸ ਤੁਮਾਰੇ॥
ਤੁਧ ਆਗੇ ਅਰਜੋਈ ਹਮਾਰੀ, ਰਾਖੋ ਜਗਤ ਜਲੰਦਾ॥
ਸੁਣਾਂ ਪੜ੍ਹਾਂ ਪ੍ਰਭ ਤੇਰੀ ਬਾਣੀ, ਤੇਰੀ ਮਾਇਆ ਗੁਣੀ ਗੁਣਿਅੰਤ ਨਾ ਜਾਣੀ॥
ਤੁਮ ਦਿਓ ਦਰਸ ਮੇਰੇ ਰਾਮਾ, ਦਰਸ਼ਨ ਗਤ ਤੁਹਾਰੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਧੁਰੋਂ ਤ੍ਰਿਲੋਕੀ ਤਰਸ਼ੂਲੇ ਨਮੈ ਨਮੈ ਅਸ਼ਟ,
ਹਉਮੀਏ ਅਸ਼ਟ ਓਮ ਨਮੈ ਸਮਾਏ॥
ਓਮ ਓਂਕਾਰ ਤ੍ਰੈ ਭਵਨ ਧਰਤ ਅਵਤਾਰ,
ਹਉਮੀ ਅਸ਼ਟ ਹਉਮੀ ਅਸ਼ਟ ਬਣਾਏ ਤੱਤ ਸੂਹਾ॥
ਏਕ ਨਾਰੀ ਪੰਜ ਪਿਆਰੀ, ਦਰਸ ਪਿਆਸੀ ਕਰੇ ਅਰਜੋਈ ਤੁਧ ਆਗੇ॥
ਇਕ ਰਾਤ ਗੋਬਿੰਦ ਮੁਰਾਰੀ, ਤੁਧ ਸੰਗ ਲਗ ਸੁਹਾਗਣ ਹੋਸੀ,
ਦਰਸ਼ਨ ਚੇਤਨਾ ਹਮਾਰੀ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨਮੋ ਗਣੇਸ਼ ਨਮੋ ਗਣੇਸ਼ ਮਾਤ ਪਾਰਬਤੀ ਪਿਤਾ ਮਹੇਸ਼॥
ਜੋ ਧਿਆਵੇ ਫਲ ਪਾਵੇ, ਮੰਗਲ ਕਰੇ ਗੁਣੀ ਗਣੇਸ਼॥
ਗਜ ਕੋ ਦੀਆ ਬਹੁ ਮਾਨਾ, ਜਬ ਸੀਸ ਕੀਓ ਪਰਵਾਨਾ,
ਗਣਪਤੀ ਦੇਵ ਨਾਮ ਸਦਾਵੇ, ਆਰੰਭ ਕਾਰਜ ਪੂਜਨ ਹਮੇਸ਼॥
ਸ਼ਿਵ ਸ਼ੰਕਰ ਭੋਲੇ ਭੰਡਾਰੀ, ਸ਼ਾਂਤ ਮੁਗਧ ਜਟਾ ਧਾਰੀ,
ਮਨ ਚਿੱਤ ਲਾਏ ਜੋ ਆਰਾਧੇ, ਪੂਰਨ ਮਨਸਾ ਕਰੇ ਮਹੇਸ਼॥
ਮਾਂ ਪਾਰਬਤੀ ਨਵ ਸ਼ਕਤੀ, ਧਾਰਿਓ ਰੂਪ ਅਨੇਕ,
ਦੁਸ਼ਟ ਦੈਂਤ ਮਾਰੇ ਬਣ ਚੰਡੀ, ਦਰਸ਼ਨ ਕਾਟੇ ਦੁੱਖ ਕਲੇਸ਼॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨਾਨਕ ਸੱਚ ਹੈ ਨਾਨਕ ਹੈ ਭੀ ਸੱਚ, ਨਾਨਕ ਸੱਚ ਹੈ ਨਾਨਕ ਸਦਾ ਹੀ ਸੱਚ॥
ਯਾ ਯੂਸਫ ਯਾ ਅਲੀ ਯਾ ਮੁਹੰਮਦ ਯਾ ਰਹੀਮ॥
ਦ ਦੀਨ ਦਿਆਲ ਹੈ ਰ ਰਾਮ ਹੈ ਸ਼ ਸ਼ਾਮ ਹੈ ਨ ਨਾਨਕ ਹੈ॥
ਨਾਨਕ ਕਲਿ ਮਾਹਿ ਯਾਦ ਹੈ ਤਾਂ ਸਭ ਕਿਛ ਹੈ॥
ਤੂੰ ਯਹਾਂ ਹੈ ਵਹਾਂ ਹੈ ਦਰਸ਼ਨ ਅਗੰਮ ਰੂਪ ਜੱਗ ਮਾਹਿ ਤੂੰ ਸਭਨੀ ਥਾਂਈ॥
ਭਰਮ ਭਓ ਸਭ ਛੂਟੇ ਦਾਸਨ ਦਾਸ ਦਸਾਈ,
ਦਾਸ ਦਾਸ ਦਾਸਨ ਦਰਸ਼ਨ ਦਾਸ ਸਾਂਈ ਤੂੰ ਸਭਨੀ ਥਾਂਈ॥

(ਯਕੀਨ)

(ਸ਼ਕਤੀ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨਾਨਕ ਨਾ+ਨ+ਕ ਨਾਨਕ ਆਦਿ ਨਮੈ, ਨਾਨਕ ਜੁਗਾਦਿ ਨਮੈ॥
ਨਾਨਕ ਹੈ ਭੀ ਨਮੈ, ਨਾਨਕ ਹੋਸੀ ਭੀ ਨਮੈ॥
ਨਮੈ ਨਮਿਓ ਨਮੈ ਨਮਿਓ ਨਮੈ ਨਮਿਓ,
ਨਾਸੂਰਾ ਨਾਸੂਦਾ ਨਿਆਸਾ ਨੌਰੰਗਾ ਨੌਰਿੰਦਾ॥
ਨਿਰਭੈਤਾ ਨਿਰਵੈਰਤਾ ਨੌਰਿੰਜਾ ਨਿਰੰਕਾਰਾ ਨਿਓਟਾ,
ਨੌਵੰਦਾ ਨਿਜੰਦਾ ਨਿਆਜੀ ਨਿਔਜਾ ਨਿਵਾਜਾ ਨਾਨਕ ਨਮਿਓ॥
ਨਾਨਕ ਨਾਥ ਨਾਨਕ ਨਾਦ ਨਾਨਕ ਅੰਗਦ,
ਨਾਨਕ ਅਮਰ ਨਾਨਕ ਰਾਮ ਨਾਨਕ ਅਰਜਨ॥

ਨਾਨਕ ਹਰਿਗੋਬਿੰਦ ਨਾਨਕ ਹਰਿ ਰਾਇ ਨਾਨਕ ਹਰਿਕ੍ਰਿਸ਼ਨ,
ਜਿਸ ਸੰਗ ਦੂਖ ਨਾਠੈ ਸੁੱਖ ਘਨੇਰੇ ਆਏ॥
ਨਾਨਕ ਤੇਗ ਬਹਾਦਰ ਜਿਸੇ ਧਿਆਇਆ ਘਰ ਮਹਿ ਪਾਇਆ,
ਨਾਨਕ ਗੋਬਿੰਦਾ ਮੇਰੇ ਹਰਿ ਰਾਇਆ॥
ਨਾਨਕ ਨਿਰੰਜਨ ਨੂਰਾਨੀ ਨੂਰ ਦਰਸ਼ਨ ਦਾਸ ਸਦੇਂਦਾ,
ਦਰਸ਼ਨ ਹੀ ਸੰਗ ਹੋਏ ਸਹਾਏ ਹਰਿ ਰਾਇ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨਾਨਕ ਨਾਮ ਅਮੋਲਕ ਰਤਨ, ਤਿਸ ਅੰਤ ਨਾ ਪਾਰਾਵਾਰ॥
ਸਤਿਗੁਰੂ ਸ਼ਰਣ ਹਰਿ ਨਾਮ ਧਿਆਇਆ, ਸਤਿਗੁਰੂ ਸ਼ਰਣ ਪਰਮ ਪਦ ਪਾਇਆ॥
ਸਤਿਗੁਰੂ ਸ਼ਰਣ ਅਠਸਠਿ ਤੀਰਥ ਇਸ਼ਨਾਨ, ਸਤਿਗੁਰੂ ਆਪਣੇ ਜਾਊਂ ਕੁਰਬਾਨ॥
ਸਤਿਗੁਰੂ ਸਮੁੰਦ ਹਰਿ ਗੁਣ ਭੰਡਾਰ, ਨਾਨਕ ਨਾਮ ਅਮੋਲਕ ਰਤਨ,
ਤਿਸ ਅੰਤ ਨਾ ਪਾਰਾਵਾਰ॥
ਤੁਮ ਮੇਰੋ ਸਤਿਗੁਰੂ ਅਟੱਲ ਸੁਲਤਾਨ, ਦਇਆ ਕਰੋ ਮੇਰੇ ਠਾਕੁਰ ਮਿਹਰਬਾਨ॥
ਕੋਈ ਗੁਣ ਨਾਹੀ ਮੇਰੇ ਸੁਆਮੀ, ਗੁਣ ਦੀਜੈ ਗੁਰ ਪੂਰੇ ਗੁਣੀ ਨਿਧਾਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨਾਨਕ ਨਾਮ ਸਿਮਰੋ ਸੰਤੋ ਸੇਵਕ ਸੋਭਾ ਬਣ ਆਈ॥
ਹਿੰਦੂ ਕਹਿਤ ਰਾਮ ਰਾਮ ਮੁਸਲਿਮਾ ਪੀਰੇ ਖੁਦਾਈ ਜੀਓ॥
ਭਿੰਨ ਭੇਦ ਤੇ ਬਾਹਰ ਸਤਿਗੁਰੂ, ਹਰਿ ਸਿਓ ਏਕ ਜੋਤ ਸਮਾਈ॥
ਆਪ ਆਪੇ ਆਪਨੀ ਬਿਰਧ ਰਾਖੋ, ਦਰਸ਼ਨ ਤੁਝ ਸੇ ਪ੍ਰੀਤ ਲਗਾਈ॥

(ਯਕੀਨ)

(ਦੋਹਾ)

ਨਾਮ ਕੀ ਦਾਤ ਮਿਲੇ ਗੁਰ ਸ਼ਰਣੀ,
ਨਾਮ ਤੇ ਮਿਲੇ ਮੁਕਤ ਦੁਆਰ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨਾਨਕ ਭਇਓ ਕਿਰਪਾਲ,
ਪ੍ਰਗਟ ਭਇਓ ਨਰ ਨਾਰਾਇਣ, ਠਾਕੁਰ ਦਾਤਾਰ॥
ਦਿਓ ਨਦਰਿ ਸਿਰਜਨਹਾਰ ਸੁਆਮੀ ਸਿਰ ਧਰ ਦਸਤਾਰ॥
ਜੀਅ ਜੰਤ ਸਭ ਕੀਓ ਪੁਕਾਰ, ਦਿਓ ਹਰਿ ਦਰਸ਼ਨ ਪ੍ਰਿਤਪਾਲਣਹਾਰ॥
ਹਮ ਨੀਚ ਕਿਛ ਜਾਨੋ ਨਾਹੀ ਤੁਮ ਭਇਓ ਖਸਮ ਹਮਾਰੇ॥
ਦਰਸ਼ਨ ਨੀਚ ਦਿਓ ਹਰਿ ਦਰਸ਼ਨ ਸਤਿਗੁਰੂ ਕਾਜ ਸਵਾਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਪਦਮ)

ਨਾਮ ਜਪਤ ਮਨ ਭਇਓ ਨਿਹਾਲ, ਨਾਮ ਜਪਤ ਪ੍ਰਭ ਭਇਓ ਕਿਰਪਾਲ॥
ਨਾਮ ਕੀ ਮਹਿਮਾ ਅਪਰੰਪਾਰ, ਸੱਚ ਨਾਮ ਏਕ ਕਰਤਾਰ॥
ਨਾਮ ਕੀ ਵਡਿਆਈ ਕਥੀ ਨਾ ਜਾਇ, ਦੀਜੈ ਨਾਮ ਮੇਰੇ ਹਰਿ ਰਾਇ॥
ਨਾਮ ਕੀ ਹਰਿ ਜਨ ਕਰੇ ਕਮਾਈ, ਨਾਮ ਸਿਮਰ ਹਰਿ ਹੋਇ ਸਹਾਈ॥
ਹਰਿ ਜਨ ਨਾਮ ਪਾਵੈ ਕੋਇ, ਆਸਾ ਨਾਮ ਹਰਿ ਪੂਰੀ ਹੋਇ॥
ਨਾਮ ਸਿਮਰ ਰਸਨਾ ਭਇਓ ਪੁਨੀਤ, ਜਿਸ ਹਰਿ ਸੰਗ ਲਾਗੇ ਪ੍ਰੀਤ॥
ਦਰਸ਼ਨ ਦਾਸ ਕਰੇ ਬੇਨੰਤੀਆਂ, ਹਰਿ ਆਣ ਵਸਿਓ ਮੇਰੇ ਚੀਤ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਓਟ)
ਨਿਓਟਿਓਂ ਕਾ ਆਸਰਾ, ਨਿਮਾਣਿਓਂ ਕਾ ਮਾਨ, ਤੁਮ ਹੋ ਸਾਹਿਬਾ ਸਭ ਸੇ ਮਹਾਨ॥
ਦੀਨ ਦੁਖੀ ਤੁਧ ਸਹਾਰੇ, ਨਿਰਬਲ ਤੇਰੀ ਰਾਹ ਨਿਹਾਰੇ,
ਰਹਿਮਤ ਬਰਸੈ ਸਭ ਪੇ ਰਾਮ॥
ਬ੍ਰਹਮਾ ਵਿਸ਼ਨੂੰ ਸ਼ਿਵ ਵੀ ਆਪੇ, ਰਾਮ ਕੋ ਦੇਖੇ ਸ਼ਾਮ ਹੀ ਜਾਪੈ,
ਭੇਦ ਕਰੇ ਕੌਨ ਬਖਾਨ॥
ਹਮ ਨੀਚ ਜਾਨੋ ਨਾਹੀ, ਕਿਨ ਬਿਧ ਰਿਝਾਊਂ ਤੋਹੇ ਬਨਵਾਰੀ,
ਦਇਆ ਕਰੋ ਦਇਆਵਾਨ॥
ਆਨ ਖੜੇ ਹਮ ਤੇਰੇ ਦੁਆਰ, ਦੀਜੋ ਦਰਸ਼ਨ ਖੋਲ ਕਿਵਾੜ,
ਕਰ ਕਿਰਪਾ ਕਿਰਪਾ ਨਿਧਾਨ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨਿਸ ਦਿਨ ਜਪੀਏ ਪ੍ਰਭ ਕਾ ਨਾਮ, ਹਿਰਦੇ ਅੰਦਰ ਉਪਜੇ ਗਿਆਨ,
ਮਨ ਨਿਰਮਲ ਹੋ ਜਾਈ॥
ਗੁਰ ਸਿਉਂ ਪਾਈਏ ਨਾਮ ਨਿਧਾਨ, ਕਿਰਪਾ ਕਰੇ ਪ੍ਰਭ ਮਿਹਰਬਾਨ,
ਜਨਮ ਸਫਲ ਹੋ ਜਾਈ॥
ਨਾਮ ਹੈ ਮਨਵਾ ਮੁਕਤੀ ਦੁਆਰ, ਨਾਮ ਸੰਗ ਹੋਵੇ ਭਉਜਲ ਪਾਰ,
ਨਾਮ ਬਿਨਾ ਕਿਛ ਨਾਹੀ॥
ਨਾਮ ਅਰਾਧੇ ਭਓ ਨਾ ਲਾਗੇ, ਸਾਹਿਬ ਅੰਗ ਸੰਗ ਬਿਰਾਜੇ,
ਦਰਸ਼ਨ ਗੁਰੂ ਸਦਾ ਸਹਾਈ॥ (ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨੀਲਕੰਠ ਨਾਰਾਇਣ ਨਿਰੰਜਨ ਨਿਮਾਣਾ ਨਿਆਸਰਾ ਨਿਓਟਿਆਂ,
ਨਾਨਕ ਪ੍ਰਭ ਦੀਨ ਦਇਆਲ ਦਿਉ ਦਾਨ॥
ਅੰਗਦ ਅਮਰਦਾਸ ਅਮਰ ਭਇਓ ਸੋਢੀ ਪਾਤਸ਼ਾਹ ਗੁਰੂ ਰਾਮਦਾਸ ਭਇਓ,
ਦਇਆਲ ਨਦਰ ਕਰ ਅਰਜਨ ਹਰਿਗੋਬਿੰਦ ਕੋ॥
ਹਰਿ ਭਇਓ ਹਰਿ ਰਾਇ ਹਰਿਕ੍ਰਿਸ਼ਨ ਕੋ॥
ਹਰਿਕ੍ਰਿਸ਼ਨ ਕਰਤਾ ਕਰੀਮ ਕਰਮ ਪੁਰਖ ਗੁਰੂ ਤੇਗ ਬਹਾਦੁਰ ਜੀਓ॥
ਹਰਿ ਹਰਿ ਹਰਿ ਗੋਬਿੰਦ ਰਾਇ ਦਰਸ਼ਨ ਨਿਮਾਣਾ ਕਰੇ ਬੇਨਤੀ,
ਮੇਰਾ ਮਾਣ ਤੂੰ ਮੇਰਾ ਤਾਣ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਨੈਣ ਨਿਰਾਕਾਰ ਨਿਰੰਜਨ ਨਾਰਾਇਣ ਸੁਆਮੀ,
ਪੂਰਣ ਪੁਰਖ ਪਾਰਬ੍ਰਹਮ ਰਾ ਓਂਕਾਰਾ॥
ਸੁੱਖ ਅਨੰਦ ਸੁਖਮਨੀ ਜਪ ਜਾਪ,
ਸਿਮਰਨ ਨਾਮ ਭਗਤ ਰਹਿਰਾਸ ਜੀਓ॥
ਈਹਾਂ ਊਹਾਂ ਸੱਚਾ ਸੱਚ ਸਮਾਇ,
ਗੁਰਦੇਵਾ ਗੁਰਦੇਵ ਅੰਤਰ ਧਿਆਨ,
ਦਰਸ਼ਨ ਸੁਰਤ ਸ਼ਬਦ ਅਨਹਦ ਲਿਵ ਲਾਇ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਨੈਨ ਨੈਨਣ ਨੈਨਨਣ ਨਿਰੰਕਾਰ,
ਨਿਰੰਜਨ ਨਿਰਵੈਰ ਨਿਰਭਉ ਨਿਰੰਕਾਰ,
ਨਰ ਨਿਰੰਜਨ ਨਾਰਾਇਣ ਨਿਰੰਕਾਰ॥
ਨਾਨਕ ਨੈਨਣ ਨਾਨਕ ਨੈਨਨਣ ਨਿਰੰਕਾਰ,
ਉਂਕਾਰ ਸੈਭੰਗ ਅਜੂਨੀ ਸੁਖਮਣੀ, ਅਨੰਦ ਸਾਹਿਬ ਜਪਜੀ ਜੀਓ॥
ਜਾਪ ਸਾਹਿਬ ਰਹਿਰਾਸ ਨਰ ਨਿਰੰਕਾਰ॥
ਜੱਪ ਈਹਾਂ ਊਹਾਂ ਸੱਚ, ਉਹ ਕਲਿ ਮਾਹਿ ਸੱਚ ਸਮਾਇ ਅਵਤਾਰ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨੰਦ ਗੋਪਾਲ ਠਾਕੁਰ ਦਾਤਾਰ, ਜੋ ਕਰੇ ਸੋ ਕਰਤਾਰ॥
ਤੂੰ ਪੂਰਨ ਪੁਰਖ ਨਾਨਕ ਸੁਜਾਨ,
ਕਾਮ ਕ੍ਰੋਧ ਮੁਕਤ ਕੀਜੈ, ਮੇਰੇ ਹਰਿ ਕ੍ਰਿਸ਼ਨ ਭਗਵਾਨ॥
ਨਾਮ ਸਿਮਰ ਦੁੱਖ ਕੱਟੇ ਜਾਣ,
ਕਾਮਣ ਕੰਤ ਸੰਗ ਸੁਹਾਗਣ, ਦਰਸ਼ਨ ਪਿਰ ਬਿਨ ਮਰ ਜਾਣ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਪਹਿਲੇ ਘਰ ਤੋਂ ਇੱਕ ਸਜਾਇਆ,
ਤੀਜੇ ਘਰ ਤੋਂ ਬ੍ਰਹਿਮੰਡ ਰਚਾਇਆ॥
ਚੌਥੇ ਘਰ ਤੋਂ ਓਂਕਾਰ ਵਰਤਾਇਆ,
ਪੰਜਵੇਂ ਘਰ ਤੋਂ ਮਨੁੱਖ ਸਜਾਇਆ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਪ੍ਰਭ ਜੀਓ ਮਨ ਚਾਓ ਲਾਗਾ ਹੈ,
ਰਾਮ ਨਾਮ ਸਿਮਰ ਸੁੱਖ ਪਾਵਾਂ, ਤੇਰੀ ਕਿਰਪਾ ਹਰਿ ਗੁਣ ਗਾਵਾਂ॥
ਮੈਂ ਨਾ ਜਾਣਾ ਤੇਰੀ ਵਡਿਆਈ, ਸ਼ਰਣ ਸਾਧੂ ਪਰਮ ਗਤ ਪਾਈ॥
ਸੁਣਾਂ ਪੜਾਂ ਨਿੱਤ ਤੇਰੀ ਬਾਣੀ, ਨਾਨਕ ਇਹ ਬਿਧ ਤੁਝ ਤੇ ਹੈ ਜਾਣੀ॥
ਗੁਰ ਪੂਰੇ ਮੇਰੇ ਗੋਬਿੰਦ ਗੋਪਾਲ,
ਦਰਸ਼ਨ ਹਰਿ ਆਪਣੇ ਜਾਊਂ ਕੁਰਬਾਨ ਜੀਓ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਬਨਵਾਰੀ ਬਨਵਾਸੀ ਰਾਮ ਸ਼ਾਮ ਗੋਬਿੰਦਾ,
ਸ਼ਰਨ ਪ੍ਰਭ ਧਾਰੀ ਲਾਲ ਲਾਲ ਲਾਲ ਲਾਲ ਰੰਗ ਪੁਰਖੈ ਸੁਜਾਨ॥
ਹਉਂ ਕੁਝ ਨਾ ਜਾਣਾ ਤੁਝ ਰੰਗ ਰਾਤੇ ਮਨ ਮਾਨਾ,
ਮਨ ਮਾਨਾ ਮਨ ਭਾਣਾ ਮਨ ਮਾਨ ਜਾਣਾ ਮਨ ਸੰਗ ਨਾ ਜਾਣਾ॥
ਮਨ ਨਿਰੰਜਨ ਜੋਤ ਨਿਰੰਕਾਰ ਹੈ ਕਿਉ ਬਿਸ਼ਟਾ ਸੰਗ ਪ੍ਰੀਤ ਪਾਤਾ॥
ਤੁਝੇ ਧਿਆਣਾ ਸਭਨੀ ਥਾਂਈ ਪਾਣਾ, ਜਿੱਥੇ ਧਿਆਣਾ ਜਿਤ ਜਿਤ ਮਨ ਭਾਣਾ॥
ਮੰਨਿਆ ਭਾਣਾ ਤਿਨਹੇ ਭਵਜਲ ਪਾਰ ਹੈ, ਦਰਸ਼ਨ ਜਾਣਾ ਹਰਿ ਰਾਇ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਬਾਰਾਂ ਮਾਹਾ) (ਭਾਗ ਪਹਿਲਾ)

ਉਦੋਂ ਕਿੱਥੇ ਸਓ ਮੇਰੇ ਸਾਹਿਬਾ, ਜਦੋਂ ਲੂੰ ਲੂੰ ਯਾਦ ਸਤਾਈ॥
ਨੈਣ ਉਡੀਕਾਂ ਹੱਡੀ ਰਚੀਆਂ, ਆਇਓ ਨਾ ਹਰਜਾਈ॥
ਕਿੱਥੋਂ ਸਿੱਖੀਆਂ ਨਾਜ਼ ਅਦਾਵਾਂ, ਕਿੱਥੋਂ ਚਤੁਰਾਈ ਪਾਈ॥
ਉਦੋਂ ਨਹੀਂ ਸਓ ਪਾਸ ਅਸਾਂ ਦੇ, ਜਦੋਂ ਬਿਰਹੋਂ ਅੱਗ ਮਚਾਈ॥
ਕਿੱਥੋਂ ਪਾਈ ਸ਼ਕਲ ਨੁਰਾਨੀ, ਕਿੱਥੋਂ ਨੂਰ ਇਹ ਪਾਇਆ॥
ਉਸ ਵੇਲੇ ਕਿੱਥੇ ਸਓ, ਜਦੋਂ ਸੂਰਜ ਸ਼ਿਖਰ ਤੇ ਆਇਆ॥
ਨਾ ਅਸੀਂ ਮੰਗੀਏ ਮਾਲ ਖਜ਼ਾਨਾ, ਨਾ ਅਸੀਂ ਕਰੀਏ ਦੁਆ॥

ਕਰਦਾ ਰਵੀਂ ਪੂਰੀਆਂ ਲੋੜਾਂ, ਇਹ ਸਾਡੇ ਦਿਲ ਦਾ ਚਾਅ॥
ਨਾ ਅਸੀਂ ਕਰੀਏ ਨਿੰਦਿਆ ਚੁਗਲੀ, ਨਾ ਅਸੀਂ ਕਰੀਏ ਸ਼ਿਕਾਇਤਾਂ॥
ਦੇਂਦਾ ਰਵੀਂ ਮੰਗੀਆਂ ਮੁਰਾਦਾਂ, ਤੂੰ ਹੀ ਦੀਨ ਕਾ ਦਾਤਾ॥
ਨਾ ਮੈਂ ਜਾਣਾਂ ਥਾਂ ਟਿਕਾਣਾ ਨਾ ਮੈਂ ਪਤਾ ਪੁੱਛਾਂ॥
ਤੇਰੀ ਮੇਧਨੀ ਤੇਰੀ ਮਾਇਆ, ਤੇਰਾ ਰੂਪ ਹੈ ਡਿੱਠਾ॥
ਜ਼ਰੇ ਜ਼ਰੇ ਚ ਤੂੰ ਹੈ ਰਹਿੰਦਾ, ਦਰਸ਼ਨ ਹਰ ਥਾਂ ਡਿਠਾ॥

(ਭਾਗ ਦੂਜਾ)

ਕਿੱਥੇ ਸਓ ਜਦੋਂ ਰੁੱਤ ਜੋਬਨ ਦੀ ਸਾਡੇ ਉੱਤੇ ਆਈ॥
ਕਿੱਥੇ ਸਓ ਜਦੋਂ ਚੇਤਰ ਚੇਤੇ ਸਾਡੀ ਯਾਦ ਨਾ ਆਈ॥
ਕਿੱਥੇ ਸਓ ਜਦੋਂ ਫਸਲ ਬੈਸਾਖੀ, ਵੱਢਣ ਤਾਈਂ ਆਈ॥

ਕਿੱਥੇ ਸਓ ਜਦੋਂ ਜੇਠੀ ਪਰਦਾ, ਹਰ ਲੱਭੇ ਰੁੱਖੀਂ ਛਾਈ॥
ਕਿੱਥੇ ਸਓ ਜਦੋਂ ਹਾੜ੍ਹ ਪਿਆਸੀ ਸਾਡੇ ਜਵਾਨੀ ਆਈ॥
ਕਿੱਥੇ ਸਓ ਜਦੋਂ ਜਿੰਦ ਨਿਮਾਣੀ, ਸਾਵਣ ਵਾਂਗ ਤਿਰਹਾਈ॥
ਕਿੱਥੇ ਸਓ ਜਦੋਂ ਭਾਦੋਂ ਤਪਸ, ਸੀਨੇ ਗਰਮੀ ਪਾਈ॥
ਕਿੱਥੇ ਸਓ ਜਦੋਂ ਆਸਾਂ ਟੁੱਟੀਆਂ, ਅੱਸੂ ਮਹੀਨੇ ਤਾਈਂ॥
ਕਿੱਥੇ ਸਓ ਜਦੋਂ ਕੱਤੇ ਤਾਰਾ, ਸਾਡਾ ਨਸੀਬਾ ਡੁੱਬਿਆ॥
ਕਿੱਥੇ ਸਓ ਜਦੋਂ ਮੱਘਰ ਮੰਗਿਆ, ਸਾਡਾ ਸੁਹਾਗ ਨਾ ਮਿਲਿਆ॥
ਕਿੱਥੇ ਸਓ ਜਦੋਂ ਪੋਹ ਦੀ ਸਰਦੀ, ਅੰਗ ਅੰਗ ਪਾਲੇ ਠਰਿਆ॥
ਕਿੱਥੇ ਸਓ ਜਦੋਂ ਮਾਂਗ ਭਰਣ ਨੂੰ ਮਾਘ ਸਿਰ ਤੇ ਚੜ੍ਹਿਆ॥
ਕਿੱਥੇ ਸਓ ਜਦੋਂ ਫੁੱਲੀਆਂ ਕਨੇਰਾਂ, ਫੱਗਣ ਬਸੰਤੀ ਖਿਲਿਆ॥

ਰੰਗ ਗੁਲਾਲ ਸਭ ਪੈ ਗਏ ਫਿੱਕੇ, ਜਦੋਂ ਤੂੰ ਸਾਹਿਬ ਨਾ ਮਿਲਿਆ॥
ਕਿੱਥੇ ਸਓ ਜਦੋਂ ਦਰਸ ਪਿਆਸੀ ਦਿੰਦੀ ਰਹੀ ਦੁਹਾਈ॥
ਉਦੋਂ ਤਸੱਲੀ ਦਿਲ ਹੋਸੀ, ਜਦੋਂ ਦਰਸ਼ਨ ਮਿਲੇਗਾ ਸਾਈਂ॥

(ਭਾਜ ਤੀਜਾ)

ਚੇਤਰ ਚੇਤਾ ਆਇਆ ਮੈਨੂੰ ਦੋਸਤਾ, ਤੈਨੂੰ ਵੇਖਾਂ ਵਿਸਾਖ ਤਾਂਈ॥
ਜੇਠ ਜੋਸ਼ ਜਵਾਨੀਆਂ ਦੋਸਤਾ, ਕਿਤੇ ਐਵੇਂ ਢਲ ਨਾ ਜਾਈ॥
ਹਾੜ੍ਹ ਹਾੜ੍ਹਾ ਤੈਨੂੰ ਦੋਸਤਾ, ਇੱਕ ਵਾਰੀ ਸ਼ਕਲ ਦਿਖਾਈਂ॥
ਸਾਵਨ ਮਾਰੇਗਾ ਮੈਨੂੰ ਦੋਸਤਾ, ਜਿਵੇਂ ਮਾਰਦਾ ਏ ਕਸਾਈ॥
ਭਾਦੋਂ ਦੁਖਦਾ ਏ ਦਿਲ ਦੋਸਤਾ, ਤਬੀਬ ਬਣ ਤੂੰ ਆਈਂ॥
ਅੱਸੂ ਆਸਾਂ ਰੱਖੀਆਂ ਦੋਸਤਾ, ਕਿਤੇ ਸਮਝੀਂ ਨਾ ਮੈਨੂੰ ਪਰਾਈ॥

ਕੱਤਕ ਕੀਤੇ ਇਸ਼ਕ ਅਵੱਲੇ ਦਾ, ਕਿਤੇ ਪਰਦਾ ਨਾ ਲੱਥ ਜਾਈ॥
ਮੱਘਰ ਮੰਗਾਂ ਦੁਆਵਾਂ ਦੋਸਤਾ, ਨਾਕਰਮੀ ਦੇ ਕਰਮ ਜਗਾਈਂ॥
ਪੋਹ ਪਾਵਾਂ ਰੱਬ ਦੇ ਵਾਸਤੇ, ਵੇ ਟੁੱਟੀ ਤੋੜ ਚੜ੍ਹਾਈਂ॥
ਮਾਘ ਮੰਗਿਆ ਸਿੰਧੂਰ ਦੋਸਤਾ, ਰੱਤ ਮੇਰੀ ਦੀ ਮਾਂਗ ਸਜਾਈਂ॥
ਫੱਗਣ ਫੰਧੇ ਤੋੜਕੇ ਦੋਸਤਾ, ਕਦੇ ਦਰਸ਼ਨ ਨੂੰ ਆਪਣਾ ਬਣਾਈਂ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਬੇ-ਡਰ ਬੇ-ਵੈਰੀ ਬੇ-ਅਵਾਜਾ ਨਾਦ ਵਜੇ ਅਨਹਦ ਬੇ-ਵਜੂਦ,
ਬਾ-ਵਜੂਦ ਬਾ-ਪ੍ਰਵਾਹ ਬੰਧਨਾ ਬਾਂਧੀ ਬਾਂਧੇ ਬਾਂਧਨਹਾਰ॥
ਬਿਨ ਗੁਰ ਬਾਂਧੀ ਨਾ ਛੂਟੇ ਨਾਨਕ ਬਾਰ ਬਾਰ ਨਮਸਕਾਰ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਭਗਤ ਕਮਾਈ ਠਾਕੁਰ ਤੁਧ ਤੇ ਪਾਈ, ਨਾਮ ਦੀਜੋ ਦਾਨ ਮੇਰੇ ਰਾਮ ਰਘੁਰਾਈ॥
ਗੁਰੂ ਨਾਨਕ ਪੂਰੇ ਸਤਿਗੁਰੂ ਗੋਸਾਂਈ ਜੀਓ,
ਕਿਰਪਾ ਕਿਰਪਾਲ ਘਰ ਮਾਹਿ ਵਸਿਆ॥
ਹਰਿ ਹਰਿ ਸਿਮਰੋ ਮੁਗਧ ਅਘਾਈ,
ਜਿਨਹੀ ਦੀਓ ਜਨਮ ਤੋਹੇ, ਸੋਈ ਪ੍ਰਭ ਤੁਧ ਸਹਾਈ॥
ਸੁਣੀ ਸੱਚੀ ਬਾਣੀ ਗੋਬਿੰਦ ਤੁਮਾਰੀ ਜੀਓ, ਮਨ ਤ੍ਰਿਪਤ ਤਨ ਸ਼ਾਂਤ ਹੋ ਜਾਈ॥
ਦਰਸ਼ਨ ਦਾਸ ਦਾਸੋਂ ਕੇ ਦਾਸ ਹਰਿ ਜੀਓ,
ਸੱਚ ਸੇਵਾ ਸਫਲ ਹੋਵੇ ਘੋਲ ਕਮਾਈ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਭਗਤਿ ਕਮਾਈ ਗੁਰ ਤੁਝ ਤੇ ਪਾਈ,
ਸੇਵ ਕਮਾਵਾਂ ਨਾਮ ਜਪਾਵਾਂ, ਜੋ ਬਖਸ਼ੋ ਤੁਮ ਵਡਿਆਈ॥
ਹਮ ਠਹਿਰੇ ਨੀਚ ਤੁਮ ਹੋ ਊਚ ਗੋਬਿੰਦ,
ਹੱਥ ਜੋੜ ਕਰਾਂ ਬੰਦਨਾ, ਗੁਰਮਤਿ ਦੀਜੈ ਰਾਮ ਰਘੁਰਾਈ॥
ਖਿੰਨ ਖਿੰਨ ਭੂਲਣਹਾਰ ਹਮ ਪਾਪੀ, ਮਨ ਬਾਵਰਾ ਆਤਮ ਕੁਰਲਾਤੀ,
ਬਖਸ਼ਣਹਾਰ ਕੀਜੋ ਮਿਹਰ ਦਰਸ਼ਨ ਤੁਮ ਪੇ ਆਸ ਲਗਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਭਰੋਸਾ ਰੱਖ ਗੁਰੂ ਆਪਣੇ ਤੇ, ਕਾਰਜ ਜਿਹਨਾਂ ਸਵਾਰਿਆ,
ਆਦਿ ਨਾਰਾਇਣ ਸੰਗ ਲੱਛਮੀ, ਦਾਸਨ ਕਉ ਉਬਾਰਿਆ॥
ਦੀਆ ਨਾਮ ਦਾਨ ਪ੍ਰਭ ਆਪਣਾ, ਮੁਝ ਗਰੀਬ ਨਿਵਾਜ ਜੀਓ,
ਨਦਰ ਕੀਓ ਜਨ ਆਪਣੇ, ਔਗੁਣ ਨਾ ਵਿਚਾਰਿਆ॥
ਹੋਏ ਕਿਰਪਾਲ ਸਤਿਗੁਰੂ, ਮੇਰੇ ਮਨ ਤਨ ਹੋਆ ਨਿਹਾਲ ਜੀਓ,
ਦੀਓ ਦਰਸ ਆਪ ਨਾਰਾਇਣ, ਅਗੰਮ ਰੂਪ ਧਾਰਿਆ॥
ਮੇਰਾ ਸੋਹਣਾ ਸਤਿਗੁਰ ਸਾਂਈ, ਸੁੰਦਰ ਰੂਪ ਨਿਰਾਲਾ ਜੀਓ,
ਦਰਸ਼ਨ ਜਾਉਂ ਬਲਿਹਾਰੇ ਤਿਨਕੇ, ਬਾਂਹ ਪਕੜ ਜਿਸ ਤਾਰਿਆ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਭਲੇ ਚੰਗੇ ਪ੍ਰਿਤਪਾਲ ਠਾਕੁਰ ਜੀਓ, ਤੁਝ ਬਿਨ ਕੌਣ ਜਾਣੇ ਹਰਿ ਰਾਇ॥
ਯਾ ਯਕੀਨ ਯਕੂਬ ਯਾ ਮੁਹੰਮਦ ਅੱਲਾ ਰਾਮ ਰਹੀਮ॥
ਯਾ ਜਾਨਣਹਾਰ ਪ੍ਰਭ ਦੀਨ ਦਇਆਲ ਤੁਝ ਮਾਹਿ ਸਮਾਈ॥
ਯਾ ਹੱਕ ਯਕੀਨ ਰੱਖ ਪ੍ਰਭ ਸੁਖਦਾਈ, ਦੇਓ ਹਰਿ ਨਾਮ ਪਿਆਰੇ॥
ਯਾ ਹੱਕ ਨੂਰ ਸਮਾਧੀ ਅੰਤਰਯਾਮੀ ਅਬਿਨਾਸੀ,
ਦਰਸ਼ਨ ਦਾਸ ਤੇਰੀ ਸ਼ਰਨਾਈ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਮਹਾਦੇਵ ਗੁਰੂ ਬ੍ਰਹਮਾ ਵਿਸ਼ਨੂੰ,
ਗੁਰੂ ਜਗਤ ਜਨਨੀ ਮਾਈ॥
ਜੁਗਾਂ ਜੁਗੰਤਰ ਥਾਨ ਥਨੰਤਰ ਰਹਿ ਰਵੈ ਗੁਰਦੇਵਾ॥
ਸੁਝਇ ਗੁਰਮੁਖ ਰਜ਼ਾ ਪਾਈ,
ਦਰਸ਼ਨ ਪ੍ਰੀਤ ਗੁਰ ਚਰਨੀ ਲਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮਿੱਠ ਬੋਲੜਾ ਹਰਿ ਹਰਿ ਹਰਿ ਹਰਿ ਸਾਜਨ ਮੋਰਾ॥
ਬਿਨ ਸਾਜਨ ਨਾਮ ਨਾ ਪਾਵੇ, ਬਿਨ ਸਾਜਨ ਸਹਿਜ ਨਾ ਸਮਾਏ॥
ਬਿਨ ਹਰਿ ਹਰਿ ਬਾਣੀ ਨਾ ਸਮਾਏ ਤੂੰ ਸਭਨੀ ਥਾਂਈ॥
ਨਰ ਨਾਰਾਇਣ ਨਰ ਨਿਰੰਜਨ, ਦਰਸ਼ਨ ਅਗੰਮ ਮਾਹਿ ਸਮਾਈ॥
ਤੁਝ ਬਿਨ ਨਾਹੀ ਕੋਇ ਜਾਣੇ, ਹਰਿ ਗੁਰਬਾਣੀ ਤੂੰ ਸਭਨੀ ਥਾਂਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮਿਹਰਬਾਨ ਮਿਹਰਬਾਨ ਮਿਹਰਬਾਨ, ਦੀਨ ਦਿਆਲ ਮੇਰੇ ਮਿਹਰਬਾਨ॥
ਮੇਰੇ ਸਤਿਗੁਰ ਪੁਰਖ ਸੁਜਾਨ ਹਰਿ ਰਾਇ, ਤੂੰ ਠਾਕੁਰ ਪ੍ਰਿਤਪਾਲ ਗੋਸਾਂਈ।
ਹਉਂ ਗਰੀਬ ਕਿਛ ਜਾਨੋ ਨਾਹੀਂ, ਤੇਰੀ ਮਹਿਮਾ ਅਪਰੰਪਾਰ॥
ਤੂੰ ਬਖਸ਼ੰਦ ਬਖਸ਼ਣਹਾਰ, ਆਪੇ ਤਾਰੇ ਤਾਰਨਹਾਰ।
ਚਿੰਤਾ ਮਿਟੀ ਸਭੈ ਪੂਰਨ ਕਾਮ, ਜਬ ਤੇ ਲਾਇਓ ਤੇਰਾ ਧਿਆਨ॥
ਤਨ ਮਨ ਧਨ ਤੁਧ ਸ਼ਰਨੀ ਲਾਵਾਂ, ਕਿਰਪਾ ਰਹਿਮਤ ਤੁਝ ਤੇ ਪਾਵਾਂ।
ਮਨ ਕੀ ਬੂਝੀ ਤੂੰ ਸੁਲਤਾਨ, ਦਰਸ਼ਨ ਦੀਆ ਮੋਕੋ ਗੁਜ਼ਰਾਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੁਕਟਧਾਰ ਗਿਰਧਾਰੀ ਮੁਰਾਰੀ, ਮੀਰਾ ਭਈ ਦਿਵਾਨੀ ਦਾਨੀ,
ਦਾਨਾ ਭਇਓ ਰਖਵਾਰੀ॥
ਮੈਂ ਮਨ ਮਾਨੇ ਸੱਚ ਸਰਬੱਤ, ਸਾਧ ਸੰਗ ਸਿਦਕ ਸ਼ਹਾਦਤ ਤਾਂਹੀ॥
ਹੋਏ ਦਿਆਲ ਕਲਿ ਮਾਹੇ ਨਿਰੰਕਾਰਾ,
ਦਰਸ਼ਨ ਨਰ ਨਿਰੰਜਨ ਗੁਰਦੇਵਾ ਜੋਤ ਚਲਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੁਝ ਮਹਿ ਤੁਝ ਮਹਿ ਭੇਦ ਨਾਹੀ, ਤੁਮ ਭਇਓ ਖਸਮ ਹਮਾਰੇ॥
ਜੀਅ ਦਾਨ ਦਇਆ ਕਰ ਭਗਤੀ ਲਗਸਾਂ,
ਬ੍ਰਹਮ ਭਰਮ ਮਨ ਲੇਓ ਛੋਡਾਈ, ਮਨ ਵਿਸ਼ਟਾ ਸੰਗ ਪ੍ਰੀਤ ਜੋੜੇ॥
ਕਾਮ ਕ੍ਰੋਧ ਲੋਭ ਮੋਹ ਹੰਕਾਰ, ਗੜ੍ਹ ਮੰਦਰ ਮਾਨ ਸੰਗ ਦੀਓ ਪੰਚ ਪਿਆਰ॥
ਪਰਮੇਸ਼ਰ ਪ੍ਰਧਾਨ ਨਾਨਕ ਹਉਂ ਜਾਉਂ ਕੁਰਬਾਨ ਜੀਉ॥
ਬਾਰਿਕ ਪ੍ਰੀਤਮ ਤੇਰੇ ਬੈਕੁੰਠ ਦਰਗਹਿ ਦਰਸ਼ਨ ਪਰਵਾਨ ਜੀਓ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰਾ ਗੋਬਿੰਦ ਸੁੰਦਰ ਮੈਂ ਖੜੀ ਨਿਮਾਣੀ॥
ਤੁਧ ਸੰਗ ਲਗਸਾਂ ਸੁਹਾਗਣ ਹੋਵਾਂ, ਪਿਰ ਮਿਲੇ ਕੰਤ ਸਹੇਲੀ॥
ਹਮ ਨੀਚ ਕਿਆ ਜਾਨੋ ਤੇਰੀ ਵਡਿਆਈ, ਅਤਿ ਊਚਾ ਤੇਰਾ ਸੇਵਾਦਾਰਾ॥
ਰਾਖੋ ਲਾਜ ਜੀਓ ਮੇਰੇ ਠਾਕੁਰ, ਮਿਹਰ ਕਰੋ ਸਤਿਕਰਤਾਰਾ॥
ਮਨ ਚਿੱਤ ਆਵੇ ਸਿਮਰਾਂ ਨਾਮ, ਦਰਸ਼ਨ ਭਵਜਲ ਪਾਰ ਕਰੋ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰਾ ਮਾਣ ਭੀ ਤੂੰ, ਮੇਰਾ ਤਾਣ ਵੀ ਤੂੰ, ਮੈਂ ਤੱਕੀ ਓਟ ਤੁਮਾਰੀ ਜੀਓ॥
ਆਪਨਾ ਨਾਮ ਮੁਝ ਕੋ ਦੀਉ, ਤਨ ਮਨ ਧਨ ਸਭ ਅਰਪਨ ਕੀਉ॥
ਭੁੱਲਾਂ ਚਿੱਤ ਨਾ ਧਾਰਿਉ ਜੀਉ, ਬਖਸ਼ਣਹਾਰੇ ਬਖਸ਼ ਲੀਉ॥
ਤੁਧ ਸੰਗ ਪ੍ਰੀਤ ਹਮਾਰੀ ਜੀਉ, ਅਪਨੇ ਚਰਣੋਂ ਮੇਂ ਰੱਖ ਲੀਉ॥
ਮੇਰੀ ਬਿਨਤੀ ਕਰੋ ਪਰਵਾਣ ਜੀਉ, ਦਰਸ਼ਨ ਤੋਸੇ ਕੁਰਬਾਨ ਜੀਉ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰੇ ਸਤਿਗੁਰੂ ਸਭਨਾ ਟੇਕ ਤੁਮਾਰੀ,
ਪੂਰਨ ਪੁਰਖ ਪਾਰਬ੍ਰਹਮ ਰਾਖੋ ਪੈਜ ਹਮਾਰੀ॥
ਗੁਰੂ ਗੋਬਿੰਦ ਗੁਰੂ ਇੱਕ ਦਾਤਾ, ਆਪੇ ਠਾਕੁਰ ਪੂਰਨ ਵਿਧਾਤਾ॥
ਹਰਿ ਨਾਰਾਇਣ ਹਰਿ ਜਨ ਆਪੇ,
ਹਰੀ ਹਰਿ ਹਰੀ ਹਰਿ ਸੁਆਮੀ, ਗੁਰੂ ਨਾਨਕ ਪ੍ਰਭ ਪੂਰਾ ਡਿੱਠਾ॥
ਦਰਸ਼ਨ ਜਨ ਕਰੇ ਬੇਨੰਤੀਆਂ, ਸਤਿਗੁਰੂ ਨਾਮ ਦੇਓ ਨਾਮ ਦਾਨੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰੇ ਠਾਕੁਰ ਗੋਬਿੰਦ ਰਾਮ ਜੀਓ, ਹਮ ਸਭ ਠਹਿਰੇ ਭਿਖਾਰੀ॥
ਪੰਖੇਰੂ ਬਿਨ ਪੰਖ ਉਡ ਜਾਸੀ, ਮਨ ਲੋਚੈ ਸ਼ਰਣ ਤੁਮਾਰੀ॥
ਸੰਤ ਸਜਨ ਸੰਗ ਸੇਵ ਕਮਾਵਾਂ, ਪ੍ਰਭ ਜੀਓ ਦਇਆ ਮਿਹਰ ਕਰੀਜੈ॥
ਰਾਖੋ ਸ਼ਰਣ ਆਪਣੀ ਮੇਰੇ ਸਤਿਗੁਰੂ, ਦਰਸ਼ਨ ਨੀਚ ਕੋ ਨਾਮ ਦਾਨ ਦੀਜੈ॥

(ਯਕੀਨ)

(ਦੋਹਾ)

ਮੇਰੇ ਸਾਜਨ ਸੋਹਣੇ ਸੁਹੇਲੜੇ,
ਤੂੰ ਸਭਨੀ ਥਾਂਈ ਜਿੱਥੇ ਹਉ ਜਾਈ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰੇ ਠਾਕੁਰ ਭਇਓ ਕਿਰਪਾਲ ਜੀਓ,
ਦਰਸ ਭੇਟਤ ਮਨ ਹੋਵੇ ਨਿਹਾਲ ਜੀਓ॥
ਏਕੋ ਬਸਤ ਬਾਣੀ ਗੁਰ ਜਾਣ, ਕਰ ਸੇਵਾ ਜਪ ਮਿਲੇ ਨਾਮ ਦਾਨ॥
ਸਤਿਗੁਰੂ ਨਾਨਕ ਪੂਰਨ ਭਗਵਾਨ, ਗੁਰ ਆਪਣੇ ਨਿਰਭਓ ਨਿਰਵਾਨ॥
ਦਰਸ਼ਨ ਦਾਸ ਕੀ ਸੁਨਹੋ ਬੇਨੰਤੀ, ਸਾਧ ਸੰਗ ਦੇਓ ਮੇਰੇ ਪੁਰਖ ਸੁਜਾਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰੇ ਠਾਕੁਰ ਰਾਮ ਗੋਪਾਲ, ਨਾਨਕ ਗੋਬਿੰਦ ਕਲਿ ਮਾਹਿ ਅਵਤਾਰ॥
ਪ੍ਰਿਥਮੇ ਕੇਵਲ ਨਾਮ ਅਧਾਰ, ਸੰਤ ਸਜਨ ਸੰਗ ਕੀਜੈ ਪਿਆਰ॥
ਇਹ ਬਿਧ ਤਿਨਹੇਂ ਜਾਣੇਂ, ਜਿਨਹੇ ਹਰਿ ਰੰਗ ਮਾਣੇਂ॥
ਦਰਸ ਦੇਓ ਮੇਰੇ ਰਾਮ ਪਿਆਰੇ, ਦਰਸ਼ਨ ਕੂਕਰ ਨਿੱਤ ਦਿਨ ਪੁਕਾਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰੇ ਰਾਮਾ ਮੇਰੇ ਕ੍ਰਿਸ਼ਨਾ ਮੇਰੇ ਨੰਦ ਗੋਪਾਲ,
ਦੇਓ ਪ੍ਰੀਤ ਚਰਣਾਏ ਮੇਰੇ ਠਾਕੁਰ ਦਾਤਾਰ॥
ਧੰਨ ਧੰਨ ਧੰਨ ਧੰਨ ਧੰਨ ਨਿਰੰਕਾਰ,
ਨਾਨਕ ਗੋਬਿੰਦ ਗੁਰ ਸੰਤ ਸੱਜਣ ਦੇਓ ਦਾਨ॥
ਕਰਾਂ ਬੇਨੰਤੀ ਹਰਿ ਆਪਣੇ ਦਾਸ ਧਰਮ ਕਰੋ ਪਰਵਾਨ,
ਦਾਸ ਦਾਸਨ ਸੇਵ ਕਮਾਵੇ ਕਰਤੇ ਕਰੀਮ ਨਾਨਕ ਭਗਵਾਨ॥
ਨੈਨ ਤਰਸਨ ਦਰਸ਼ਨ ਕਉ ਦਰਸ ਦੇਓ ਕ੍ਰਿਸ਼ਨ ਸੁਲਤਾਨ,

ਆਦਿ ਭਵਾਨੀ ਜੁਗਾਦਿ ਹੋ ਜਾਵੇ, ਬੋਲ ਗੁਰੂ ਗੁਰਬਾਣੀ ਸਮਾਨ॥
ਡੰਡਉਤ ਬੰਦਨਾ ਅਨਿਕ ਬਾਰ, ਕਰਾਂ ਸੱਚਖੰਡ ਨਾਨਕ ਧਾਮ॥
ਹੁਕਮ ਹੋਵੇ ਜਾਂ ਪਾਰਬ੍ਰਹਮ, ਬਾਹਰ ਹੁਕਮੇ ਨਾ ਜਾਨ॥
ਬਾਂਧੀ ਛੂਟੇ ਨਾ ਦਾਸ ਕੀ, ਜਿਤ ਜਿਤ ਤੁਝੇ ਧਿਆਨ॥
ਦਰਸ਼ਨ ਕਰੇ ਅਰਜੋਈ ਤੁਧ ਆਗੇ, ਦੇਓ ਦਾਨ ਮੇਰੇ ਮਿਹਰਬਾਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰੋ ਰਾਮ ਰਮਈਆ ਤੇਰਾ ਅੰਤ ਨਾ ਜਾਣਾ,
ਤੂੰ ਠਾਕੁਰ ਸਰਬ ਕਲਾ ਤੂੰ ਆਪੇ ਸਰਬ ਸਮਾਣਾ॥
ਸੰਤ ਸੰਗ ਮਨ ਹਰਿ ਰੰਗ ਰਾਤਾ, ਤੂੰ ਮਾਤ ਪਿਤਾ ਪੁਰਖ ਬਿਧਾਤਾ ਜੀਓ॥
ਮੇਰੇ ਸੁਆਮੀ ਗੋਬਿੰਦ ਗੋਸਾਂਈ, ਬਿਨ ਨਾਮੇ ਜਨਮ ਬਿਰਥਾ ਜਾਈ॥
ਤੁਮ ਬਖਸ਼ੰਦ ਸੇਵਕ ਅਪਨੇ ਸਾਹਿਬ ਜੀਓ ਜੇ ਤੁਧ ਨਾਮ ਧਿਆਈ॥
ਸਿਮਰ ਨਾਮ ਪ੍ਰਭ ਗੋਬਿੰਦ ਠਾਕੁਰ ਜੀਓ ਭਵਜਲ ਪਾਰ ਉਤਰ ਜਾਈ॥
ਹਾਦਰਾ ਹਦੂਰ ਅਨਹਦ ਬਾਣੀ, ਇਹ ਮਨ ਭਾਈ ਇਹ ਮਨ ਗਾਈ॥
ਦਰਸ਼ਨ ਦਾਸ ਦਰਸ ਦੀਜੇ, ਗੁਰੂ ਨਾਨਕ ਦਾਸ ਮੇਰੇ ਸਾਂਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੈਂ ਤੇਰੇ ਗੁਣ ਗਾਵਾਂ, ਜੋ ਮਾਂਗੂੰ ਸੋ ਫਲ ਪਾਵਾਂ॥
ਕਾਟੋ ਬੰਧਨ ਮੇਰੇ ਕਾਟਨਹਾਰ, ਬਖਸ਼ੋ ਪਾਪ ਮੇਰੇ ਪਾਲਨਹਾਰ॥
ਤੂੰ ਮੇਰੇ ਠਾਕੁਰ ਗੋਬਿੰਦ ਪਿਆਰੇ,ਜਾਊਂ ਕੁਰਬਾਨ ਮੇਰੇ ਰਾਮ ਪਿਆਰੇ॥
ਬੰਦਨਾ ਕਰਾਂ ਤੁਧ ਆਗੇ ਮੇਰੇ ਨਾਨਕ, ਦੇਓ ਦਰਸ਼ਨ ਸੋਢੀ ਪਿਆਰੇ॥
ਹੋਵੇ ਪਰਵਾਨ ਜੇ ਕਰਾਂ ਅਰਜੋਈ, ਦਰਸ ਦੇਓ ਮੇਰੇ ਰਾਮ ਦੁਲਾਰੇ॥
ਰਾਮ ਰਾਮ ਸਿਮਰਾਂ ਮੈਂ ਨਾਓ, ਦਰਸ਼ਨ ਦੁੱਖ ਕਾਟੋ ਹਮਾਰੇ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਰੇ ਮਨ ਅਨਹਦ ਸ਼ਬਦ ਪਛਾਣ,
ਰਾਮ ਨਾਮ ਕੀ ਧੁਨ ਨਿਸ ਬਾਜੇ, ਆਠ ਪਹਿਰ ਸੁਬਹ ਸ਼ਾਮ॥
ਗੁਰ ਕੇ ਪਾਸ ਮਨ ਕੋ ਕੀਨੋ ਕੋਟ ਪਰਾਧ ਜਿਸ ਹਰ ਲੀਨੋ,
ਗੁਰ ਪੇ ਆਸ ਗੁਰ ਕੀ ਓਟ ਪੂਰਣ ਸਭਹਿ ਕਾਜ॥
ਆਪ ਮਿਲਾਵੈ ਸਤਿਕਰਤਾਰ, ਗੁਰ ਜਬ ਭਇਓ ਦਿਆਲ,
ਗੁਰ ਕੀ ਸੇਵਾ ਉੱਤਮ ਸੇਵਾ, ਮਿਲੇ ਦਰਗਾਹੇ ਮਾਣ॥
ਮਨ ਤੂੰ ਛੋਡ ਸਭਹਿ ਚਤੁਰਾਈ, ਗੁਰ ਭਗਤੀ ਕਰ ਨਾਮ ਕਮਾਈ,
ਦਰਸ਼ਨ ਕਰ ਕਰ ਗੁਰ ਆਪਨੇ ਕੇ ਭਵਜਲ ਉਤਰਿਓ ਪਾਰ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਲਾਲ ਦੀਜੈ ਹਰਿ ਨਾਮ ਦਾਤਾਰੈ,
ਪੂਰਨ ਪਾਰਬ੍ਰਹਮ ਆਦਿ ਪੁਰਖ ਮੁਰਾਰੇ॥
ਇਹ ਜਾਣੇ ਤੁਝੇ ਤਾਹੀ ਮਨ ਮਾਨੇ,
ਅਟੱਲ ਚਲੀ ਜੋਤ ਨਿਰੰਜਨ॥
ਮੋਹ ਮਮਤਾ ਸਭ ਛੂਟੇ,
ਦਰਸ਼ਨ ਕਰਮ ਕਮਾਵਾਂ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਯਸ਼ਵੰਤੀ

ਸਹਿਕਾਰ ਲਾਵਾਂ

## (ਪਹਿਲੀ ਲਾਂਵ)

ਪਹਿਲੀ ਲਾਂਵ ਪ੍ਰਭ ਪੜ੍ਹਿਓ ਪੂਰਣ ਕਰਿਓ ਕਾਜ॥
ਸਤਿਗੁਰੂ ਨਾਨਕ ਦਇਆਲ ਮਾਹਿ ਮੇਰਾ ਮਨ ਤ੍ਰਿਪਤ ਅਘਾਈ॥
ਅੰਤਰ ਕੀ ਗਤਿ ਤੂੰ ਹੀ ਜਾਣੇ ਮੇਰੇ ਠਾਕੁਰ ਰਾਮ ਰਘੁਰਾਈ॥
ਤੁਮਰੇ ਕਾਜ ਤੁਮਹੀ ਸਾਜੇ ਮੋਹੇ ਨੀਚ ਕਿਆ ਚਤੁਰਾਈ॥
ਤੁਮਸੇ ਹਰਿ ਮਿਲਿਆ ਸੋਈ ਜਿਸ ਨਾਮੇ ਲਿਵ ਲਾਈ॥
ਦਰਸ਼ਨ ਕੀ ਲਾਜ ਰੱਖ ਲੀਜੋ ਆ ਗਿਓ ਤਓ ਸ਼ਰਣਾਈ॥

## (ਦੂਜੀ ਲਾਂਵ)

ਦੂਜੀ ਲਾਵੈਂ ਤਨ ਮਨ ਧਨ ਸੰਗ ਵਸਿਓ ਹਰਿ ਰਾਇ॥
ਮੇਰੇ ਠਾਕੁਰ ਠਾਠ ਰਚਾਇਆ,
ਸਾਧੂ ਸੰਗ ਹਰਿ ਪ੍ਰਭ ਪਾਇਆ॥
ਮਿਲਾ ਨਾਮ ਪ੍ਰਭ ਮੁਕਤ ਅਧਾਰਾ,
ਨਾਮ ਸੰਗ ਪ੍ਰਭ ਕੀਓ ਪਸਾਰਾ॥
ਸਗਲ ਜੀਵ ਕੇ ਦਾਤੇ ਸੁਆਮੀ,
ਹਰਿ ਥਾਂਉ ਵਸੇ ਮੇਰਾ ਪ੍ਰਭ ਅੰਤਰਜਾਮੀ॥
ਗੁਰੂ ਨਾਨਕ ਸਾਹਿਬੋਂ ਕੇ ਸਾਹਿਬਾ,
ਦਰਸ਼ਨ ਦਾਸ ਹੋਆ ਦਾਸਨ ਕੋ ਦਾਸ॥

## (ਤੀਜੀ ਲਾਂਵ)

ਤੀਜੀ ਲਾਵੈਂ ਦੁੱਖ ਸੁੱਖ ਸਾਂਝਾ ਕਿਰਪਾ ਤੁਮਰੀ ਨਿਭਿਓ ਸਾਥ॥
ਏਕੋ ਸੰਗ ਸੁਹਾਗਣ ਜੋਤੀ ਜੋਤ ਸਮਾਇ,
ਠਾਕੁਰ ਠਾਟ ਰਚਾਇਆ ਵਰ ਪਾਇਆ ਹਰਿ ਰਾਇ॥
ਮਿਲੇ ਸ਼ਬਦ ਸੰਗ ਸਾਧ ਪਿਆਰੇ, ਸੰਤ ਰਾਮ ਜਗ ਮਾਹਿ ਨਿਆਰੇ॥
ਗੁਰ ਆਪਣੇ ਸੰਗ ਜਪਾਵੇ ਹਰਿ ਨਾਮ, ਸਿਮਰ ਪ੍ਰਭ ਭਇਓ ਮਿਹਰਬਾਨ॥
ਸੁੱਖ ਮਨ ਸੁੱਖ ਅੰਮ੍ਰਿਤ ਦਿਓ ਦਇਆਵਾਨ,
ਤਨ ਮਨ ਗੁਰੂ ਧਨ ਪੂਰਬ ਪੁਰਖ ਸੁਜਾਨ॥
ਹਰਿ ਰਾਖ ਲੇਓ ਜਨ ਅਪਣੇ ਦਰਸ਼ਨ ਰਾਮ ਏਕੋ ਜਾਣ॥

## (ਚੌਥੀ ਲਾਂਵ)

ਚੌਥੀ ਲਾਵੈਂ ਪਤੀ ਪਤ ਸੇਵਾ ਰਾਖੋ ਲਾਜ ਪੈਜ ਨਾਨਕ ਸਾਹਿਬਾ॥

ਸੋ ਸੁਹਾਗਣ ਮੇਰੇ ਸਤਿਗੁਰੂ ਜੋ ਪ੍ਰੀਤਮ ਪਿਆਰੀ॥

ਨਾਮ ਸਿਮਰ ਹਰਿ ਆਪੇ ਸੁਆਮੀ, ਗੁਰਮੁਖ ਲੇਖਾ ਗੁਰੂ ਦਿਖਾਨੀ॥

ਸੇਵਾ ਸਿਦਕ ਰਾਖੋ ਹਰਿ ਮਨ, ਸੋ ਨਾਰ ਦਰਗਾਹਿ ਸਮਾਣੀ॥

ਨਾ ਵੈਰ ਨਾ ਆਪੇ ਤਾਪੇ ਦੇਖੇ, ਤਿਸ ਦਰਸ਼ਨ ਜਨ ਬਲਿਹਾਰੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਵਿਸਰੈ ਨਾ ਮਨ ਪ੍ਰੀਤ ਤੁਮਾਰੀ,
ਕੋਟ ਕੋਟਨ ਮੇ ਏਕ ਤੂੰ ਦਾਤਾ, ਹਉਂ ਜਾਊਂ ਬਲਿਹਾਰੀ॥
ਦਰਸ਼ਨ ਕੀ ਮਨ ਜਾਗੀ ਤ੍ਰਿਸ਼ਨਾ,
ਨਾਮ ਕੀ ਮੋਹੇ ਦੀਜੋ ਭਿਕਸ਼ਾ, ਕੋਟਿ ਕੋਟਿ ਉਪਕਾਰੀ॥
ਮੋਹੇ ਦੀਜੋ ਗੁਣ ਗੁਣੀ ਨਿਧਾਨ,
ਕਿਰਪਾ ਕਰੋ ਮੇਰੇ ਮਿਹਰਬਾਨ, ਮੈਂ ਆਇਓ ਸ਼ਰਣ ਤੁਮਾਰੀ॥
ਹਮ ਨਾਦਾਨ ਹੈ ਅਨਜਾਨ,
ਤੁਮ ਹੋ ਪੂਰਨ ਪੁਰਖ ਸੁਲਤਾਨ, ਤੇਰੀ ਮਹਿਮਾ ਨਿਆਰੀ॥

(ਯਕੀਨ)

# ਪੰਛਮਣੀ

ਧੰਨ
ਨਾਨਕ

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਅਭਿਮਾਨ ਤਿਆਗੋ ਭਾਈ, ਪ੍ਰਭ ਮਿਲਣੇ ਕੀ ਬਾਰੀ ਆਈ॥
ਕਰ ਸ਼ੁਕਰਾਨਾ ਗੁਰੂ ਆਪਨੇ ਕਾ, ਜਿਸ ਇਹ ਬਿਧ ਬਣਾਈ॥
ਲੋਭ ਕਰਤ ਲੋਭੀ ਹੋਵੇ, ਨਾਮ ਸਿਮਰ ਮਨ ਉਜਵਲ ਹੋਵੇ,
ਸੇਵਾ ਉੱਤਮ ਕਰਮ ਕਮਾਈ॥
ਜੋੜ ਕੇ ਤਿਨਕਾ ਤਿਨਕਾ ਬੰਦੇ, ਸੋਹਣਾ ਸੁੰਦਰ ਮਹਿਲ ਬਣਾਇਆ,
ਮਨ ਕਾ ਮਣਕਾ ਤੂੰਨੇ ਨਾ ਫੇਰਾ, ਨਾ ਗਿਆਨ ਕਾ ਦੀਪ ਜਗਾਇਆ,
ਕਿਉਂ ਨਾ ਹਰਿ ਸਿਉਂ ਨੇਹੁ ਲਗਾਈ॥

ਜਿਉਂ ਚਲੇ ਨਾ ਬੇੜੀ ਬਿਨ ਪਤਵਾਰ,
ਤਿਉਂ ਹੋਵੇ ਨਾ ਗੁਰ ਬਿਨ ਭਵਜਲ ਪਾਰ,
ਮਨ ਗੁਰ ਸੰਗ ਲਗਨ ਲਗਾਈ॥
ਅਬ ਕੀ ਬਾਰੀ ਕਰਮ ਕਮਾਓ, ਬਿਨ ਮਾਂਗੇ ਸਰਬ ਸੁੱਖ ਪਾਓ,
ਸੰਗ ਹਰਿ ਕੇ ਦਰਸ਼ਨ ਪਾਈ॥ (ਯਕੀਨ)

(ਦੋਹਾ)

ਇੱਕੋ ਮਿੱਟੀ ਦੇ ਬਣੇ ਇਨਸਾਨ ਸਭ ਕੇ ਦਾਤਾ ਸ਼੍ਰੀ ਭਗਵਾਨ,
ਨਾ ਕੋਈ ਹਿੰਦੂ ਨਾ ਇਸਾਈ ਨਾ ਕੋਈ ਸਿੱਖ ਨਾ ਮੁਸਲਮਾਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਅਵਰ ਨਾਹੀ ਤੁਧ ਜੇਹਾ ਕੋਈ ਦਾਨਾ, ਸ਼ਾਂਤ ਮੁਗਧ ਸ਼ਾਹੇ ਸੁਲਤਾਨਾ॥
ਦੇ ਕੇ ਆਪੇ ਤਾਜੋ ਤਖਤ, ਆਪ ਗਰੀਬ ਸਦਾਨਾ॥
ਸੇਵਕ ਕੀ ਤੂੰ ਰਾਖੇਂ ਪੈਜ, ਗਿਰੇ ਅਸਮਾਨ ਚੜ੍ਹਾਨਾ॥
ਡਿੱਠਾ ਸਭ ਜਗ ਨਾਮ ਬਿਨਾ ਵੀਰਾਨਾ, ਨਾਮ ਦੇਓ ਮਿਹਰਬਾਨਾ॥
ਮੈਂ ਕਿਛ ਨਾਹੀਂ ਬੇਸੁਰ ਬੇਤਾਲਾ,
ਦਰਸ਼ਨ ਕਰੋ ਕਿਰਪਾ ਖੋਲੋ ਮਨ ਕਾ ਤਾਲਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਆਤਮਿਕ ਗਿਆਨ ਕਰਮ ਨਹੀ ਕੋਇ, ਨਾਮ ਜਪਤ ਮੁਕਤ ਹੋਇ॥

ਧਰਮ ਸਥਾਨੀ ਨਾ ਮਿਲਾ ਸੁਆਮੀ, ਨਾ ਉਹ ਮਿਲਿਆ ਧਰਮ ਗ੍ਰੰਥਾਂ,

ਨਾ ਉਹ ਤੀਰਥ ਪਾਈਦਾ॥

ਆਤਮਾ ਅਤੇ ਪਰਮਾਤਮਾ ਗੁਰ ਮੇਲ ਮਿਲਾਇੰਦਾ॥

ਅੰਤ ਕਾਲ ਨਾ ਸੰਗ ਜਾਸੀ, ਦਰਸ਼ਨ ਨਾਮ ਜਪਿਓ ਪ੍ਰਭ ਅਬਿਨਾਸੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਆਣ ਪੜੇ ਜੋ ਤੇਰੀ ਸ਼ਰਣੀ, ਸਫਲ ਤਿਨਹਾਂ ਕਾ ਜੀਵਨ ਹੋਏ,
ਤੇਰਾ ਕੀਆ ਸਭ ਤੋਂ ਉੱਤਮ, ਹਰ ਕਾਰਜ ਤੂੰ ਆਣ ਖਲੋਏ॥
ਆਪੇ ਕਰਤਾ ਕਰੇ ਸੰਭਾਲ, ਆਪੇ ਲਾਇਓ ਪ੍ਰੇਮ ਪਿਆਰ, ਆਪੇ ਜੋੜੇ ਆਪ ਸੰਜੋਏ॥
ਕਿਤ ਥਾਂਓ ਆਏ ਕਿਤ ਸੰਗ ਜਾਏ, ਦੇਸ ਪਰਾਇਆ ਕਿਤ ਨੇਹੁੰ ਲਾਏ,
ਤੂੰ ਜਾਣੇ ਨਾ ਬੂਝੇ ਕੋਏ॥
ਓਹ ਵੇਲਾ ਹੈ ਸਦਾ ਸੁਹੇਲਾ, ਕੰਤ ਪਾਈਏ ਜਬ ਦਰਸ਼ਨ ਤੇਰਾ, ਦੀਜੈ ਦਰਸ਼ਨ ਮੋਹੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਏਕੋ ਓਟ ਤੁਮਾਰੀ ਦਾਤਾ, ਅਵਰ ਨਾਹੀ ਕੋ ਦੂਜਾ,
ਅੰਤਰ ਕੀ ਗਤ ਤੁਮ ਹੀ ਜਾਣੋ, ਬਿਨਤੀ ਸੁਣੋ ਬਨਵਾਰੀ॥
ਮੀਰਾ ਲਾਗੀ ਲਗਨ ਅਤਿ ਭਾਰੀ, ਰੋਮ ਰੋਮ ਮਹਿੰ ਨਾਮ ਸਮਾਰੀ,
ਜ਼ਹਿਰ ਪਿਆਲਾ ਅੰਮ੍ਰਿਤ ਹੋਆ, ਰਾਖੀ ਪੈਜ ਤੂੰ ਗਿਰਧਾਰੀ॥
ਭਗਤ ਸੁਦਾਮਾ ਗਲ ਨਾਲ ਲਾਏ, ਚਰਣ ਧੋਏ ਸੰਗ ਸਿੰਘਾਸਨ ਬਿਠਾਏ,
ਹੋਏ ਕਿਰਪਾਲ ਪ੍ਰਭ ਜਾਏ ਬਲਿਹਾਰੀ, ਦੀਓ ਕੁੱਲੀ ਗੁੱਲੀ ਕਿਰਪਾ ਧਾਰੀ॥
ਮੋਹੇ ਬਖਸ਼ੋ ਨਾਮ ਨਿਧਾਨ, ਓ ਮੇਰੇ ਸਾਹਿਬਾ ਪੂਰਨ ਭਗਵਾਨ,
ਦਰਸ਼ਨ ਨਦਰ ਕਰੋ ਪ੍ਰਿਤਪਾਲਾ, ਪੂਰੀ ਕੀਜੋ ਆਸ ਹਮਾਰੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਏਕ ਨੂਰ ਤੇ ਨੂਰੇ ਇਲਾਹੀ, ਨਰ ਮਾਹਿ ਤੂੰ ਸਮਾਹੀ,
ਏਕ ਨੂਰ ਤੇ ਜੋਤ ਅਗੰਮ ਹੈ ਨਰ ਨਾਰਾਇਣ ਭੇਦ ਨਾਹੀ॥
ਅੰਤਰ ਨਿਰੰਤਰ ਰਾਮ ਨਾਮ ਭੈ ਭਰਮ ਛੂਟ ਜਾਈ,
ਦਰਸ਼ਨ ਦਾਸ ਦਾਸ ਭਇਓ ਮਿਹਰ ਨਦਰ ਕਰਿਓ ਠਾਕੁਰ ਗੋਸਾਂਈ॥
ਏਕ ਨੂਰ ਤੇ ਅਗੰਮ ਮਾਹੀ, ਦਰਸ਼ਨ ਸੱਚ ਤੂੰ ਸਭਨੀ ਥਾਂਈ,
ਤੂੰ ਮੇਰਾ ਤੇ ਮੈਂ ਤੇਰਾ ਤੁਝ ਮੇਂ ਮੁਝ ਮੇਂ ਭੇਦ ਨਾਹੀ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਆਪ ਦਇਆਲ ਭਇਓ ਤਾਂ ਹਰਿ ਨਾਮ ਜਪੇਸਾਂ॥
ਸਾਧੂ ਸੰਗਤ ਹਰਿ ਨਿਰਮਲ ਤਾਂ ਗੁਰੂ ਕਿਰਪਾ ਕਰੇਸਾਂ॥
ਰਾਖਨਹਾਰ ਰਹਿਓ ਨਿਆਰਾ, ਵਸਹਿ ਦੂਰ ਪਰਦੇਸਾਂ॥
ਕਰੋ ਦਇਆ ਨਾਮ ਦਾਨ, ਦਰਸ਼ਨ ਦਾਸ ਅਰਜ ਕਰੇਸਾਂ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਸਾਜਨ ਸਨੇਦੜਿਆ, ਸੰਤ ਸਾਜਨ ਦਿਓ ਦਾਨ॥
ਭਇਓ ਤ੍ਰਿਪਤ ਮਨ ਮੋਰਾ, ਹਉਂ ਗਰੀਬ ਹਮੇ ਦੁੱਖ ਘਨੇਰਾ॥
ਲਾਲ ਰੰਗੀਲੇ ਪ੍ਰਿਤਪਾਲ ਹਰਿ ਰਾਇ, ਤੁਝ ਬਿਨ ਜੀਆ ਮਰ ਜਾਏ ਹਰਿ ਰਾਇ॥
ਹਰਿ ਨਾਮ ਦਿਓ ਹਰਿ ਨਾਰਾਇਣ, ਨਰ ਨਾਰਾਇਣ ਦੋਨੋ ਮਹਿ ਭੇਦ ਨਾਹੀ॥
ਤੁਝੇ ਧਿਆਇਆ ਸੁੱਖ ਘਨੇਰਾ ਪਾਇਆ, ਮੇਰੇ ਹਰਿ ਰਾਇਆ॥
ਹਓਂ ਜਿਥੇ ਜਾਂਈ ਤੇਰੇ ਗੋਸਾਂਈ ਤੇਰੇ ਗੋਸਾਂਈ,
ਦਰਸ਼ਨ ਅਗੰਮ ਗੋਸਾਂਈ ਹਰਿ ਰਾਇਆ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਸੇਵਾ ਮਿਲੇ ਵਡਭਾਗੀ, ਜਾਂ ਗੁਰਮੁਖ ਮਨ ਚਿਤ ਲਾਵੇ॥
ਹਰਿ ਨਿਰੰਤਰ ਵਸੇ ਅਬਿਨਾਸੀ, ਕੋਈ ਵਿਰਲਾ ਕਾਰ ਕਮਾਵੇ॥
ਹਰਿ ਦਾਸ ਜਪਿਓ ਅਨਹਦ ਬਾਣੀ, ਮਰਨ ਜਨਮ ਦੁੱਖ ਸਭ ਨਾਸੇ॥
ਦਰਸ਼ਨ ਕਰੇ ਬੇਨੰਤੀ ਪ੍ਰਭ ਤੁਧ ਆਗੇ, ਨਾਮ ਦੀਜੋ ਮੁਕਤ ਕੇ ਦਾਤੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਕਰੇ ਸਤਿਗੁਰ ਕਰੋ ਸਤਿਗੁਰ ਕਰਨੇਹਾਰ,
ਮਾਨਸ ਕੇ ਹੱਥ ਕਿਛ ਨਾਹੀ, ਜੋ ਕਰੇ ਸੋ ਕਰਤਾਰ॥
ਜੀਵ ਜੰਤ ਭਇਓ ਪੁਨੀਤ, ਹਰਿ ਕੋ ਗਾਵੇ ਸਹਿਜ ਸਭ ਗੀਤ॥
ਕਰਨੇ ਕੋ ਕਿਛ ਨਾਹੀ, ਆਪੇ ਆਪ ਕਰਨੇ ਜੋਗਾ,
ਹਰਿ ਕੋ ਹਰਿ ਹੀ ਜਾਣੇ ਭਰਮ ਭਓ ਸਭ ਲੋਕਾਂ॥
ਸੁਣੋ ਬੇਨੰਤੀ ਕਰੇ ਜਨ ਤੁਮਾਰਾ,
ਬਿਨਾ ਸਤਿਗੁਰ ਕਲਿ ਮਹਿ ਕਉਨ ਪਾਰ ਉਤਾਰਾ॥
ਦਰਸ਼ਨ ਦਾਸ ਹੋਆ ਦਾਸਨ ਕੋ ਦਾਸ, ਹਰਿ ਪੂਰੀ ਕੀਜੈ ਮਨ ਕੀ ਆਸਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਪੂਰਨ ਪੁਰਖ ਹਮਾਰੇ,
ਮੋਹੇ ਨਾਮ ਦੀਜੈ ਠਾਕੁਰ ਦਾਤਾਰੇ॥
ਹਰਿ ਨਾਮੈ ਮਨ ਉਪਜੀ ਪ੍ਰੀਤ, ਮੈਂ ਨਾ ਜਾਨੋ ਤੇਰੀ ਪ੍ਰਤੀਤ॥
ਤੁਮਰੇ ਹਮਰੇ ਏਕੋ ਸਾਂਝ, ਕਿਰਪਾ ਕਰੋ ਸਿਮਰਾਂ ਨਾਮ॥
ਦੀਨ ਦਿਆਲ ਦੁੱਖ ਕਾਟੋ ਹਮਾਰੇ,
ਦਰਸ਼ਨ ਨੀਚ ਆਇਆ ਦੁਆਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਤਿਗੁਰ ਮੇਰੇ ਪ੍ਰਾਣ ਅਧਾਰੇ ਤੁਧ ਪੇ ਹਉ ਜਾਊਂ ਬਲਿਹਾਰੇ॥
ਕਿਰਪਾ ਨਿਧਾਨ ਕਿਰਪਾਲ ਪ੍ਰਭ ਠਾਕੁਰ, ਅਵਗੁਣ ਨਾ ਚਿਤਾਰੋ ਹਮਾਰੇ॥
ਗੁਣ ਗਿਆਨ ਗੁਰ ਸ਼ਬਦ ਦੀਜੋ, ਹਮ ਮਾਂਗਤੇ ਭੀਖ ਪ੍ਰਭ ਭਿਖਾਰੀ ਤੁਮਾਰੇ॥
ਆਵਣ ਜਾਵਣ ਜਗਦੀਸ਼ ਸੁਆਮੀ, ਕਾਟੋ ਫੰਧਾ ਆਪਨੀ ਕਿਰਪਾ ਧਾਰੇ॥
ਦਰਸ਼ਨ ਜਨ ਜਪ ਜਪ ਜੀਵੇ, ਗੁਰ ਸ਼ਬਦ ਪ੍ਰਭ ਤੁਧ ਸਹਾਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਲੋਕ)

ਸਭ ਕਿਛ ਮਿਲਾ ਤੁਮਹੇਂ ਦਾਨ ਮੇਂ, ਕਿਆ ਹੈ ਤੇਰਾ ਪਹਿਚਾਨ ਰੇ॥
ਪੂਜਾ ਪਾਠ ਕਰਮ ਹੈ ਤੇਰਾ, ਫਿਰ ਕਾਹੇ ਕਾ ਗੁਮਾਨ ਰੇ॥
ਕਿਸ ਬਾਤ ਪੇ ਤੂੰ ਮਾਣ ਕਰੇਂ, ਪਹਿਲੇ ਖੁਦ ਕੋ ਖੁਦੀ ਸੇ ਨਿਕਾਲ ਰੇ॥
ਖਾਨਾ ਪੀਨਾ ਸਭ ਈਸ਼ਵਰ ਦੀਆ, ਯੇਹ ਸਵਾਸ ਉਧਾਰੇ ਹੈਂ ਜਾਨ ਰੇ॥
ਸਾਂਸੋਂ ਕੀ ਡੋਰੀ ਪ੍ਰਭ ਕੇ ਹਾਥ, ਨਾ ਕਿਛ ਤੇਰੇ ਪਾਸ ਰੇ॥
ਤੂੰ ਹੈ ਖਿਲੋਨਾ ਤੁਝੇ ਹਰੀ ਨੇ ਬਨਾਇਆ, ਤੂੰ ਹਰੀ ਕਾ ਕਰਲੇ ਧਿਆਨ ਰੇ॥

ਤੁਝ ਪੇ ਕਿਉਂ ਮਿਹਰਬਾਨ ਹੈ ਦਾਤਾ, ਇਸ ਬਾਤ ਕੋ ਤੂੰ ਬਿਚਾਰ ਰੇ॥
ਸਭ ਕਾ ਸਿਰਜਨਹਾਰ ਸਵਾਮੀ, ਵੋ ਹੈ ਬੜਾ ਦਇਆਵਾਨ ਰੇ॥
ਸਭ ਕੋ ਦੇਤਾ ਵੋ ਦੇਵਨਹਾਰਾ, ਫਿਰ ਕਾਹੇ ਤੂੰ ਬਨੇ ਨਾਦਾਨ ਰੇ॥
ਦਰਸ਼ਨ ਕਹੇ ਸੁਨ ਮਨ ਚੰਚਲ, ਇਸ ਮੈਂ ਕੋ ਤੂੰ ਤਿਆਗ ਰੇ॥
(ਯਕੀਨ)

(ਦੋਹਾ)

ਹਉ ਕਲਿ ਮਾਹਿ ਨਾਮ ਬਿਨਾ ਨਾਹੀ ਪਾਰ ਉਤਾਰਾ॥
ਹਰਿ ਭਗਤਨ ਨਿਰਭਓ ਨਾਹੀ ਮੋਹ ਨਿਰਵੈਰ॥
ਨਾਮ ਵਸਾਵੇ ਹਿਰਦੇ ਅੰਦਰ ਦਰਸ਼ਨ ਨਾ ਜਮਦੂਤ ਸਤਾਵੇ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਭ ਥਾਂ ਸੋਹਣੇ ਮਨਮੋਹਨ ਪਿਆਰੇ॥

ਤੇਰਾ ਰੂਪ ਸੁੰਦਰ ਸੋਹਣਾ, ਜੋ ਵਰ ਮਾਂਗੇ ਸੋ ਫਲ ਪਾਵੇ॥

ਆਪ ਸਹਾਈ ਹੋਵੇ ਠਾਕੁਰ ਤੇਰੇ ਜਨਮ ਜਨਮ ਗੁਣ ਗਾਵੇ॥

ਤੇਰੀ ਸੰਗਤ ਉੱਤਮ ਸ਼ਰਣਾਗਤ, ਸਾਸ ਸਾਸ ਨਾਮ ਧਿਆਵੇ॥

ਮੇਰੇ ਸੁਆਮੀ ਰਾਖੋ ਸਿਰ ਹੱਥ, ਦਰਸ਼ਨ ਜਨ ਸਤਿਗੁਰ ਚਰਣੀ ਲਿਵ ਲਾਵੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸ਼ਰਨ ਪੜੇ ਦੋਏ ਹੱਥ ਜੋੜ, ਸੁਨ ਲੋ ਅਰਜ਼ ਹਮਾਰੀ।
ਦੀਨ ਕੇ ਦਾਤੇ ਪੁਰਖ ਵਿਧਾਤੇ, ਰਾਖੋ ਪੈਜ ਹਮਾਰੀ॥
ਦਇਆ ਕੀਜੋ ਦਇਆ ਕੇ ਸਾਗਰ, ਮੋਹੇ ਦੀਜੈ ਨਾਮ ਖੁਮਾਰੀ।
ਤੇਰਾ ਕੀਰਤਨ ਕਿਰਤ ਕਮਾਈ, ਨਿਰਮਲ ਬਾਣੀ ਭਉਜਲ ਤਾਰੀ॥
ਰਾਖੋ ਲਾਜ ਗਰੀਬ ਨਿਵਾਜ, ਕਲਹ ਕਲੇਸ਼ ਦੂਖ ਨਿਵਾਰੀ।
ਜੀਹਵਾ ਗਾਵੇ ਤੇਰੀ ਮਹਿਮਾ, ਕੀਜੈ ਕਿਰਪਾ ਕਿਰਪਾਧਾਰੀ॥
ਸੇਵਾ ਸਿਦਕ ਦੀਜੈ ਠਾਕੁਰ, ਮਨ ਤਨ ਲਾਇਓ ਪ੍ਰੀਤ ਤੁਮਾਰੀ।
ਦਰਸ਼ਨ ਮਾਂਗੇ ਤੇਰੀ ਰਹਿਮਤ, ਪੂਰਨ ਹੋਵੈ ਆਸ ਹਮਾਰੀ॥ (ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਾਹਿਬ ਆਪਨੇ ਕੀ ਕਰੋ ਚਾਕਰੀ, ਸਭਹਿ ਛੋਡ ਚਤੁਰਾਈ ਜੀਓ॥
ਆਪੇ ਆਪਨਾ ਖੇਲ ਕਰਾਇੰਦਾ, ਸੇਵਕ ਕੋ ਦੇ ਵਡਿਆਈ ਜੀਓ॥
ਦਇਆ ਕਰੋ ਮੋਹੇ ਨਾਮ ਦੀਜੈ, ਮੇਰੇ ਸਤਿਗੁਰ ਗੋਬਿੰਦ ਗੋਸਾਈਂ ਜੀਓ॥
ਚਕੋਰ ਚੰਦ ਸਿਓ ਪ੍ਰੇਮ ਜੈਸੇ ਹੋਵੇ, ਤੈਸੀ ਪ੍ਰੀਤਮ ਪ੍ਰੀਤ ਹਮਾਰੀ ਜੀਓ॥
ਦਰਸ਼ਨ ਕਹਿਤ ਸੁਨਹੋ ਸਾਧੋ, ਗੁਰ ਬਿਨ ਮੁਕਤ ਨਾ ਪਾਵੈ ਕੋਈ ਜੀਓ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸੁਣੋ ਅਰਜੋਈ ਦੀਨ ਦਿਆਲ, ਦੀਜੋ ਗੁਣ ਮੋਹੇ ਗੁਣੀ ਨਿਧਾਨ॥
ਸੇਵਾ ਸਿਦਕ ਦੀਜੈ ਮਨ ਕੋ, ਧਿਆਵੈ ਨਿਸ ਦਿਨ ਨਾਮ॥
ਪੰਚ ਦੁਸ਼ਟ ਵਸ ਕੀਜੈ, ਹਿਰਦੇ ਕਰੋ ਪ੍ਰਭ ਵਾਸ॥
ਚਰਨ ਪ੍ਰੀਤ ਦੀਜੈ ਜਨ ਕੋ, ਦਰਸ਼ਨ ਕੀ ਲਾਗੀ ਪਿਆਸ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਹਮ ਕਰਨੇ ਆਏ ਲੋਕ ਭਲਾਈ, ਦੁੱਖ ਹਰ ਸਤਿਗੁਰ ਨਾਮ ਧਿਆਈ॥
ਕਰਮ ਧਰਮ ਏਕੋ ਕੀਨੇ, ਗੁਰਦੇਵ ਸੰਗ ਪ੍ਰਭ ਹੋਵੋ ਸਹਾਈ॥
ਰਾਜ ਤਾਜ ਤੁਝ ਮੋਹੇ ਦੀਨੋ, ਦਾਸਨ ਦਾਸ ਸੁਣੀ ਅਰਜੋਈ॥
ਰਾਖੋ ਸ਼ਰਣ ਆਪਨੀ ਠਾਕੁਰ ਜੀਓ, ਪੂਰਨ ਪੁਰਖ ਬਣਤ ਬਣਾਈ॥
ਆਪੇ ਹਰਿ ਪੂਰੇ ਪਰਮੇਸ਼ਵਰ, ਦਰਸ਼ਨ ਦਾਸ ਰਾਖੋ ਸ਼ਰਣਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਹਰਿ ਜੀਓ ਕਿਰਪਾ ਕਰੋ, ਆਪਨਾ ਨਾਮ ਦਿਓ ਮਿਹਰਬਾਨਾ,
ਨਾਮ ਜਪਤ ਹੋਸੀ ਮੋਹੇ ਮਨ ਸ਼ਾਂਤ॥
ਬਿਨਾ ਗੁਰੂ ਹਰਿ ਨਾ ਮਿਲਿਆ ਭਾਈ,
ਨਾਮ ਬਿਨਾ ਹਰਿ ਜਾਨਿਆ ਨਾ ਕੋਈ॥
ਏਕ ਨਾਮ ਉੱਤਮ ਹਰਿ ਕਾ, ਹਿਰਦੇ ਵਸੇ ਨਾਮ ਪ੍ਰਭ ਤਾਂਕਾ॥
ਦਰਸ਼ਨ ਦਾਸ ਕੋ ਹਰਿ ਹੋਰ ਕੋਈ ਨਾਹੀ,
ਦਾਸ ਜਨੋ ਕੇ ਕਾਰਜ ਆਨ ਆਪ ਖਲੋਆ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕੰਤ ਕਾਮਨ ਮੇਰਾ ਸੋਹਣਾ ਸੁੰਦਰ ਰਾਮ ਰਮਈਆ॥

ਸੁਣਾਂ ਗੁਣਾਂ ਗੁਣਿਆਈ ਚਾਰ, ਤੇਰੀ ਮਹਿਮਾ ਅੰਤ ਨਾ ਪਾਰਾਵਾਰ॥

ਮਨ਼ਮੁਖ ਧ੍ਰਿਗ ਜੀਵਣਾ, ਮਰਨ ਜਨਮ ਵਾਰੋ ਵਾਰ॥

ਗੁਰਮੁਖ ਮੁੱਖ ਉਜਵਲ, ਸੁੱਖ ਦੇਹੁ ਸਤਿਕਰਤਾਰ॥

ਸੱਚ ਬੋਲਣਾ ਸੱਚ ਕਮਾਵਣਾ, ਸੱਚ ਤਪੱਸਿਆ ਸੱਚ ਸਹਿਜ,

ਦਰਸ਼ਨ ਕਹੇ ਮੇਰੇ ਮਿਹਰਬਾਨ॥

(ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਾਜ ਸਵਾਰੇ ਭਗਤ ਜਨੋ ਕੇ, ਰਾਖੇ ਪੈਜ ਰਾਖਨਹਾਰਾ,
ਆਪੇ ਵੰਡਦਾ ਨਾਮ ਭੰਡਾਰੇ, ਸੁੱਖ ਦੇਵੇ ਸਤਿਕਰਤਾਰਾ॥
ਨਦਰ ਕਰੇ ਸਭ ਉੱਤਮ ਹੋਵੇ, ਚਹੁੰਕੁੰਟ ਕਰੇ ਉਜਿਆਰਾ,
ਭਲੇ ਬੁਰੇ ਨਾਹੀ ਜਾਨਤ, ਸੱਚ ਕਾ ਸਦਾ ਕਰੇ ਵਪਾਰਾ॥
ਬਾਹਰ ਢੂੰਡੇ ਭੀਤਰ ਨਾ ਜਾਏ, ਭੀਤਰ ਬੈਠਾ ਸਿਰਜਨਹਾਰਾ,
ਜੋ ਜਨ ਸਿਮਰੇ ਮਨ ਚਿੱਤ ਲਾਏ, ਗੁਣ ਗਿਆਨ ਦੇਹੁ ਅਪਾਰਾ॥
ਜੋ ਸਮਝੇ ਔਰ ਕਰੇ ਧਿਆਨ, ਦਰਸ਼ਨ ਪਾਵੇ ਬ੍ਰਹਮ ਗਿਆਨ,
ਮੋਹ ਮਾਇਆ ਸਭ ਝੂਠੇ ਬੰਧਨ, ਗੁਰ ਸੰਗ ਛੂਟੇ ਸਭ ਵਿਕਾਰਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਿਰਪਾ ਕਰੋ ਮੋਹੇ ਦਰਸ ਦੀਜੇ, ਮੇਰੇ ਸਤਿਗੁਰ ਪੁਰਖ ਬਿਧਾਤੇ॥
ਦੀਨ ਦਿਆਲ ਹੋਵੋ ਸਹਾਈ, ਸਿਮਰੇ ਨਾਮ ਤੁਮਾਰਾ ਜੀਓ॥
ਤੂੰ ਦਾਤਾ ਤੂੰ ਅੰਤਰਯਾਮੀ, ਸਾਜਨ ਸੁੱਖ ਨਿਹਾਰਾਂ॥
ਤੇਰੀ ਮਾਇਆ ਤੂੰ ਹੀ ਜਾਣੇ, ਤੁਮ ਵੱਡਾ ਠਾਕੁਰ ਹਮਾਰਾ॥
ਦਰਸ਼ਨ ਨੀਚ ਕੋ ਪ੍ਰਭ ਮਿਲਿਓ, ਪ੍ਰਭ ਆਪਨੀ ਕਿਰਪਾ ਧਾਰਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਿਰਪਾਲ ਕਿਰਪਾ ਨਿਧਾਨ ਕਰਮਯੋਗੀ ਕਰਮਦਾਤੇ, ਦਿਓ ਨਾਮ ਸੁਜਾਨ॥
ਦਇਆਲ ਹੋਆ ਜਨ ਅਪਨੇ, ਕੀਓ ਤਿਨਹੇ ਪਰਵਾਨ॥
ਨਾਮ ਧਿਆਵਾਂ ਪਰਮ ਸੁੱਖ ਪਾਵਾਂ, ਸਤਿਗੁਰ ਪੁਰਖ ਸੁਜਾਨ॥
ਨਾਨਕ ਪ੍ਰਭ ਅਪਨਾ ਸਿਮਰਾਂ, ਦਿਓ ਦਰਸ ਪ੍ਰਾਣ ਅਧਾਰ॥
ਰਾਖ ਲਿਓ ਠਾਕੁਰ ਗੋਬਿੰਦ ਦਰਸ਼ਨ ਕਹੇ ਪੁਕਾਰ॥ (ਯਕੀਨ)

(ਦੋਹਾ)

ਗੁਰ ਸੰਗ ਪ੍ਰੀਤ ਜੋ ਜਨ ਕਰੇ, ਤਿਨਹੇ ਜਮ ਨਾ ਡਰਾਵੇ ਨਾ ਮਾਰੇ,
ਅਬ ਤਬ ਸਭ ਜਾਨੋ ਹਰਿ ਰਾਇ, ਦਰਸ਼ਨ ਮੁਕਤ ਸ਼ਰਣ ਪ੍ਰਭ ਪਾਏ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਘਟ ਘਟ ਵਾਸੀ ਪ੍ਰਭ ਅਬਿਨਾਸੀ, ਅਜਬ ਤੇਰੀ ਇਹ ਮਾਇਆ,
ਕੋਏ ਨਾ ਜਾਨਤ ਕੋਏ ਨਾ ਸਮਝਤ, ਕਠਿਨ ਇਹ ਖੇਲ ਰਚਾਇਆ॥
ਕਰਨ ਕਰਾਵਣਹਾਰ ਤੂੰ ਦਾਤਾ, ਤੂੰ ਸਮਰਥ ਤੂੰ ਪੁਰਖ ਵਿਧਾਤਾ,
ਸਭ ਮਾਹੇਂ ਤੂੰ ਸਮਾਇਆ॥
ਤੂੰ ਸਾਗਰ ਤੂੰ ਹੀਰਾ ਕੰਚਨ, ਤੂੰ ਸ਼ੀਤਲ ਤੂੰ ਕੋਮਲ ਚੰਚਲ,
ਹਰਿ ਰੂਪ ਵਟਾਂਦਾ ਆਇਆ॥
ਜੀਵਨ ਦਾਨ ਤੁਧ ਤੇ ਪਾਇਆ, ਦਰਸ਼ਨ ਨੇਹ ਤੁਧ ਸੰਗ ਲਾਇਆ,
ਰਾਖੋ ਲਾਜ ਹਰਿ ਰਾਇਆ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਘਟ ਘਟ ਵਾਸੀ ਪ੍ਰਭ ਅਬਿਨਾਸੀ, ਬਖਸ਼ੋ ਨਾਮ ਪਿਆਲਾ,
ਪ੍ਰੀਤ ਕੀਓ ਤੁਧ ਸਿਓਂ ਤੇਰਾ ਸੁੰਦਰ ਰੂਪ ਨਿਰਾਲਾ॥
ਸ਼ਾਂਤ ਸੀਤਲ ਚੇਤਨਾ ਪਿਆਰੀ, ਕਰ ਕਿਰਪਾ ਪ੍ਰਭ ਦੀਨ ਦਿਆਲਾ॥
ਕੰਚਨ ਕਾਇਆ ਕੋਮਲ ਹਿਰਦੇ, ਬਖਸ਼ੋ ਜੋਤੀ ਹੋਵੈ ਉਜਾਲਾ॥
ਨਾਮ ਦਾਨ ਦੀਜੈ ਜਨ ਅਪਨੇ, ਹੋਵੈ ਦਰਸ਼ਨ ਜਨਮ ਸੁਖਾਲਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਜਗ ਜੀਵਨ ਦਾਤਾ ਮਿਲੇ ਸੰਜੋਗੀ, ਸਤਿਗੁਰ ਮੇਲ ਮਿਲਾਵੇ॥
ਅਨੰਤ ਬੇਅੰਤ ਮਹਿਮਾ ਉਸਦੀ, ਬੇਦ ਕਤੇਬ ਨਾ ਸਮਾਵੇ॥
ਗੁਰੂ ਨਾਰਾਇਣ ਨਿਰੰਜਨ ਮਸਤਕ, ਅਨਹਦ ਨਾਦ ਵਜਾਵੇ॥
ਗੁਰ ਗਿਆਨ ਮਿਲੇ ਵਡਭਾਗੀ, ਧੁਰ ਲਿਖਿਆ ਲੇਖਾ ਪਾਵੇ॥
ਦਰਸ਼ਨ ਦਾਸ ਕਰੇ ਡੰਡੌਤ ਬੰਦਨਾ, ਕਿਰਪਾ ਕਰੋ ਹਰਿ ਰਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਜਗਤ ਖੇਲ ਮਨ ਨਾ ਲਗਸੇ, ਤੁਧ ਕਿਰਪਾ ਨਾਮ ਧਿਆਵਾਂ॥
ਮੇਰੇ ਸਤਿਗੁਰ ਕੀਜੋ ਮਿਹਰ, ਤੇਰੇ ਸਦਾ ਸਦਾ ਗੁਣ ਗਾਵਾਂ॥
ਤੇਰੀ ਸੋਹਬਤ ਤੇਰੀ ਸੰਗਤ, ਤੇਰਾ ਸੰਗ ਹੈ ਸੱਚਾ,
ਰਿਸ਼ਤੇ ਨਾਤੇ ਤੋਂ ਵੀ ਗਹਿਰਾ, ਤੇਰਾ ਰੰਗ ਹੈ ਪੱਕਾ,
ਮੈਂ ਰੰਗ ਤੇਰੇ ਰੰਗ ਜਾਵਾਂ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਜਨਮ ਦੀਓ ਸੰਗ ਦੀਓ ਗੁਜਰਾਨ, ਨਾਮ ਭੀ ਦੀਜੋ ਕਿਰਪਾ ਨਿਧਾਨ॥
ਨਾਮ ਜੱਪਿਆਂ ਮਨ ਉਜਵਲ ਹੋਵੇ, ਜਿਨ ਭੇਟਿਆ ਜਾਣੇ ਜਨ ਸੋਏ,
ਅੰਤਰ ਉਪਜੇ ਗੁਣ ਗਿਆਨ॥
ਦੇਹ ਸੇਵਾ ਸੰਤੋਖ ਸਿਦਕ ਸਹਾਰੇ, ਮੈਂ ਕਾਰ ਕਮਾਵਾਂ ਦਿਨ ਰਾਤ ਪਿਆਰੇ,
ਰਾਖ ਲੇਓ ਪ੍ਰਭ ਮੇਰਾ ਮਾਨ॥
ਮੇਰੀ ਅਰਜ ਸੁਣਿਓ ਸਵਾਮੀ, ਜਾਨ ਲੇਓ ਪ੍ਰਭ ਅੰਤਰਯਾਮੀ,
ਦਰਸ਼ਨ ਧਿਆਊਂ ਨਿਸ ਦਿਨ ਨਾਮ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਜਿਸਨੇ ਖੋਜਾ ਉਸਨੇ ਪਾਇਆ, ਹਿਰਦੇ ਅੰਦਰ ਨਾਮ ਵਸਾਇਆ॥
ਪੂਰਨ ਪੁਰਖ ਅਚੁਤ ਅਬਿਨਾਸੀ,
ਅਗੰਮ ਰੂਪ ਹਰਿ ਸੱਚਖੰਡ ਵਾਸੀ, ਕਿਸੇ ਵਿਰਲੇ ਭੇਦ ਪਾਇਆ॥
ਹਰਿ ਸੰਗ ਪ੍ਰੀਤ ਗੁਰ ਸੰਗ ਨਾਤਾ,
ਪੂਰਣ ਗੁਰੂ ਗੁਣੀ ਗੁਣਿਅੰਤਾ, ਜਿਸਨੇ ਰਾਹ ਦਿਖਲਾਇਆ॥
ਗੁਰ ਕੀ ਟੇਕ ਗੁਰ ਕੀ ਓਟ,
ਇੱਛਾ ਪੂਰਨ ਨਾ ਆਵੇ ਤੋਟ, ਦਰਸ਼ਨ ਕੰਤ ਲਿਵ ਲਾਇਆ॥

(ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤਨ ਮਨ ਧਨ ਤੁਧ ਆਗੇ ਪਿਆਰੇ, ਜਨਮ ਮਰਣ ਛੂਟ ਜਾਵੇ॥
ਜਪਤ ਸ਼ਪਤ ਤਪਤ ਹਿਰਦੇ ਠਾਰੇ, ਤੁਧ ਪੈਰੀ ਪ੍ਰੀਤ ਸਮਾਵੇ॥
ਰਾਖ ਸਾਕ ਸਭ ਜੀਵਤ ਜੀਵਾਂ, ਅੰਤ ਰਾਸ ਸਾਥ ਨਾ ਆਵੇ॥
ਦਰਸ਼ਨ ਦਇਆ ਦੀਨਾ ਨਾਥ ਕੀਜੋ, ਡੰਗੋ ਡੰਗ ਕਾਰ ਕਮਾਵੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤਰਸ ਭਇਆ ਸਤਿਗੁਰ ਕੋ ਹਰਿ ਨਾਮ ਦੀਓ, ਨਾਮ ਜਪਤ ਸਭ ਦੁੱਖ ਨਾਠੇ॥
ਭਰਮ ਭਇਓ ਭਇਓ ਦੀਵਾਨਾ, ਦਾਨ ਦੇਹ ਕਾ ਦਾਨ ਨਾਹੀ॥
ਤੂੰ ਸਭਨੀ ਥਾਂਈ, ਤੂੰ ਸਭਨੀ ਥਾਂਈ, ਜਗ ਮਾਹਿ ਮਨ ਮਾਹਿ॥ (ਯਕੀਨ)

(ਦੋਹਾ)

ਤੁਮ ਦਾਨ ਦਿਉ ਹਰਿ ਭਗਤਨ ਕੋ ਹਰਿ ਰਾਏ,
ਤੁਮ ਦਿਆਲ ਭਇਓ ਹਰ ਪੁਰਖਨ ਕੋ ਹਰਿ ਰਾਏ॥
ਦਯਾ ਕਰੋ ਦੀਨ ਦਿਆਲ ਬਿਧਾਤੇ, ਹਰਿ ਦਰਸ਼ਨ ਸੰਗ ਮਨ ਹਰਿ ਰੰਗ ਰਾਤੇ॥
(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੁਝ ਬਿਨ ਦੁੱਖ ਘਨੇਰੇ ਸਹਿਨੇ, ਰਾਮ ਦਿਆਲ ਪੁਰਖ ਸਾਜਨੜੇ ਸੁਹੇਲੇ,
ਭਇਓ ਤ੍ਰਿਪਤ ਸਤਿਗੁਰ ਮੇਲੇ॥
ਸੱਚ ਸਰਬੱਤ ਸਾਧ ਸੰਗਤ ਸਿਦਕ ਸ਼ਹਾਦਤ, ਦਾਸ ਧਰਮ ਮਾਹਿ ਸਮਾਏ,
ਸੋ ਦਾਸ ਦਰਸ਼ਨ ਮੁੱਖ ਬੋਲੇ, ਮੇਰੇ ਸਾਜਨ ਸੋਹਣੇ ਸੁਹੇਲੜੇ॥
ਤੂੰ ਸਭਨੀ ਥਾਂਈ ਜਿਥੇ ਹਊਂ ਜਾਂਈ, ਦਰਸ਼ਨ ਅਗੰਮ ਗੋਸਾਂਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੁਮ ਮੇਰੋ ਗੋਬਿੰਦ ਠਾਕੁਰ ਦਾਤਾਰ, ਹਮ ਨਾ ਜਾਨੋ ਤੇਰੀ ਵਡਿਆਈ॥
ਬੇਅੰਤ ਅੰਤ ਨਾ ਪਾਰਾਵਾਰ, ਆਪੇ ਸਾਜੇ ਸਹਿਜ ਨਿਵਾਜੇ,
ਈਹਾਂ ਊਹਾਂ ਕਰਤਾਰਾ॥
ਦੁੱਖ ਸੁੱਖ ਰਾਖ ਰਾਖਣਹਾਰੇ, ਦੇਓ ਨਾਮ ਮੇਰੇ ਨਾਨਕ ਦਾਸ ਪਿਆਰੇ॥
ਤੁਧ ਆਗੇ ਅਰਦਾਸ ਹਮਾਰੀ, ਦਰਸ਼ਨ ਕੂਕਰ ਗੁਣ ਗਾਵੇ ਨਿਸ ਤੇਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਸਭਨੀ ਥਾਂਈ ਤੁਝ ਦੇਖੇ ਮਨ ਮਾਨ ਜਾਈ॥
ਮਨ ਮਹਿ ਮੋਹ ਮਮਤਾ ਮਾਇਆ,
ਇਹ ਸਭ ਫੀਕੇ ਬਿਨ ਹਰਿ ਰਾਇਆ॥
ਤੁਝੇ ਧਿਆਇਆ ਸਭਨੀ ਥਾਈਂ ਪਾਇਆ,
ਤੇਰਾ ਅੰਤ ਬੇਅੰਤ ਬੇਅੰਤ, ਬੇਅੰਤ ਬੇਅੰਤ ਹਰਿ ਰਾਇਆ॥
ਦੇਖ ਦੀਦ ਦੀਨ ਦਇਆਲ ਦੀਨਾ ਨਾਥ,
ਦਰਸ਼ਨ ਮੁੱਖ ਇਹ ਸੁਹਾਇਆ ਹਰਿ ਰਾਇਆ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਸਾਹਿਬ ਮੈਂ ਤੁਮਰੋ ਦਾਸਾ, ਪੂਰੀ ਕੀਜੈ ਮਨ ਕੀ ਆਸਾ॥
ਤੂੰ ਠਾਕੁਰ ਹਮ ਚਾਕਰ ਤੇਰੇ, ਬਖਸ਼ੋ ਪ੍ਰਭ ਅਵਗੁਣ ਮੇਰੇ,
ਬਿਨ ਨਾਮੇ ਮਨ ਪਿਆਸਾ॥
ਨੀਚ ਨਿਮਾਣਾ ਹਉਂ ਕਰਮਹੀਣ, ਦੀਜੋ ਗੁਣ ਗੁਣੀ ਗਹੀਰ,
ਕੀਜੈ ਮੇਰੇ ਹਿਰਦੇ ਵਾਸਾ॥
ਸੁਣੋ ਬੇਨੰਤੀ ਪ੍ਰੀਤਮ ਪਿਆਰੇ, ਦੀਜੋ ਦਰਸ਼ਨ ਮੀਤ ਹਮਾਰੇ,
ਮੇਰੇ ਪੁਰਖ ਬਿਧਾਤਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਸਾਜਨ ਤੂੰ ਹਰਿ ਪ੍ਰਭ ਪੂਰਾ, ਮੋਹੇ ਭਇਓ ਦਿਆਲਾ॥
ਮਿਹਰ ਕਰੋ ਪ੍ਰਭ ਜਨ ਆਪਨੇ, ਪੂਰੀ ਹੋਵੇ ਮਨ ਕੀ ਆਸਾ॥
ਹਮ ਨੀਚ ਕਿਛ ਜਾਨੋ ਨਾਹੀ, ਤੁਮ ਭਇਓ ਮੀਤ ਹਮਾਰੇ॥
ਦਰਸ਼ਨ ਦਾਸ ਮਨ ਚਾਓ ਲਗਾ ਹੈ, ਨਾਮ ਦਿਓ ਮੋਹੇ ਪੁਰਖ ਮੁਰਾਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਹੀ ਮੇਰਾ ਸਜਨ ਪਿਆਰਾ, ਤੇਰੇ ਨਾਵੇਂ ਜਨਮ ਹਮਾਰਾ॥
ਤੇਰੇ ਸੰਗ ਭਓ ਨਾ ਲਾਗੇ, ਦੁਸ਼ਟ ਦੈਂਤ ਜਾਇਓ ਭਾਗੇ, ਤੂੰ ਕਸ਼ਟ
ਨਿਵਾਰਣਹਾਰਾ॥
ਤੂੰ ਮੇਰਾ ਸ਼ਾਹੁ ਅੱਤ ਊਚਾ ਦਾਨਾ, ਨਾਮ ਧਨ ਦੇਵਹੁ ਨਾਮ ਨਿਧਾਨਾ,
ਤੂੰ ਕਰਨ ਕਰਾਵਣਹਾਰਾ॥
ਹਮ ਪਾਪੀ ਤੁਮ ਬਖਸ਼ਣਹਾਰ, ਦਇਆ ਮਿਹਰ ਕਰੋ ਕਰਤਾਰ,
ਦੀਜੋ ਆਪ ਸਹਾਰਾ॥
ਤੇਰੀ ਕਿਰਪਾ ਹੋ ਤੇਰਾ ਸਹਾਰਾ, ਦਰਸ਼ਨ ਜਨ ਫਿਰ ਹੋਵੇ ਨਿਆਰਾ,
ਚਮਕੇ ਜੱਗ ਸਿਤਾਰਾ॥ (ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਠਾਕੁਰ ਮਾਤ ਪਿਤਾ ਹਮਾਰੇ॥
ਮਨ ਮੋਹ ਤਬ ਛੂਟ ਜਾਏ, ਜਾਂ ਸਤਿਗੁਰ ਕਿਰਪਾ ਧਾਰੇ॥
ਗੁਰ ਕੀ ਸੇਵਾ ਨਾਮ ਕਮਾਵਾਂ, ਸਤਿਗੁਰ ਆਪਣੇ ਬਲਿ ਬਲਿ ਜਾਵਾਂ॥
ਸਿਮਰ ਸਿਮਰ ਪ੍ਰਭ ਆਪਣਾ, ਕੋਟ ਜਨਮ ਕੀ ਮੈਲ ਗਵਾਵਾਂ॥
ਗੁਰ ਕਿਰਪਾ ਸੁਖੀ ਜਨ ਸੋਏ, ਪਾਰਬ੍ਰਹਮ ਦਇਆਲ ਹੋਇ॥
ਗੁਰੂ ਗਿਆਨ ਪ੍ਰਗਟੇ ਤਾਂ ਜੀਵਾਂ, ਦਰਸ਼ਨ ਪ੍ਰੇਮ ਮਿਲੇ ਤਾਂ ਥੀਵਾਂ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਦਾਤਾ ਪਾਲਣਹਾਰਾ, ਸਤਿਗੁਰ ਪੁਰਖ ਹਮਾਰੇ,
ਬਖਸ਼ ਲੇਓ ਦੀਨ ਕੇ ਦਾਤੇ ਸਾਜਨ ਮੀਤ ਮੁਰਾਰੇ॥
ਬੇਅੰਤ ਸੁਆਮੀ ਜਲ ਥਲ ਮਹੀਅਲ, ਨਾਮ ਦੇਹੁ ਕਿਰਪਾ ਧਾਰੇ॥
ਤੇਰੀ ਵਡਿਆਈ ਤੁਧ ਤੇ ਪਾਈ, ਚਰਣ ਕਮਲ ਚਿਤ ਧਾਰੇ॥
ਦੁਸ਼ਟ ਦੈਂਤ ਦਾਮਨ ਸਭੈ ਪਾਵਨ ਪਾਰ ਉਤਾਰੇ॥
ਨਰ ਨਾਰਾਇਣ ਭੇਦ ਨਾਹੀ, ਦਰਸ਼ਨ ਰੰਕ ਪੁਕਾਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਪਾਤਸ਼ਾਹੋਂ ਕਾ ਪਾਤਸ਼ਾਹ, ਸੱਚਾ ਪਰਵਰਦਿਗਾਰ,
ਨਾਮ ਤੇਰੇ ਦੀ ਓਟ ਜੋ ਤੱਕਦੇ, ਭਵਜਲ ਉਤਰੇ ਪਾਰ॥
ਤੂੰ ਆਪ ਕਰੇਂਦਾ ਆਪੇ ਕਰਤਾ, ਤੂੰ ਆਪ ਕਰਣੇਹਾਰ,
ਤੇਰੇ ਭਾਣੇ ਵਿੱਚ ਜੋ ਰਹਿੰਦੇ, ਰੰਗ ਚੜ੍ਹੇ ਕਰਤਾਰ॥
ਰਾਜ ਨਾ ਚਾਹੂੰ ਤਾਜ ਨਾ ਚਾਹੂੰ, ਮਾਂਗੂੰ ਤੋਸੇ ਪਿਆਰ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਪ੍ਰਾਣ ਪੂਜਾ)

ਤੇਰਾ ਨਾਮ ਪ੍ਰਾਣ ਅਧਾਰਾ, ਪ੍ਰਿਤਪਾਲ ਠਾਕੁਰ ਦਾਤਾਰ ਜੀਓ॥

ਰਾਖੋ ਲਾਜ ਪ੍ਰਭ ਜਨ ਆਪਨੇ ਆਪਨੀ ਕਿਰਪਾ ਧਾਰਾ॥

ਸੁਣ ਸੁਣ ਜੀਵਾਂ ਅੰਮ੍ਰਿਤ ਬਾਣੀ ਤੇਰੀ ਪਾਲਣਹਾਰਾ॥

ਮਨ ਮੋਹ ਹਉਮੈ ਰੋਗ ਕਾਟੋ ਬੰਦਨਾ ਕਰਾਂ ਬਖਸ਼ਣਹਾਰਾ॥

ਦਰਸ਼ਨ ਸ਼ਰਣ ਦੇਓ ਪ੍ਰਭ ਮੇਰੇ, ਹਾਥ ਬਾਂਧ ਅਰਜ਼ ਗੁਜਾਰਾਂ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੇਰੇ ਸਹਾਰੇ ਮੇਰੇ ਰਾਜ ਦੁਲਾਰੇ ਹਰਿ ਰਾਇ॥
ਪ੍ਰੇਮ ਭਇਓ ਮਨ ਚਾਓ ਲਾਗਾ ਹੈ, ਨਾਮ ਦਿਓ ਦਾਤਾਰ ਜੀਓ॥
ਬੇਅੰਤ ਬੇਪਰਵਾਹੋ ਬੇਮੁਹਤਾਜ ਬਾਪਰਵਾਹੋ, ਗੋਬਿੰਦ ਸ਼ਰਣ ਤਾਰੇ॥
ਹਰਿ ਮੇਲਹੁ ਸੇਵ ਕਮਾਵੇ, ਜੇ ਮਸੋਲਾ ਕਿਰਪਾ ਧਾਰੇ॥
ਖਸਮ ਪਿਆਲਾ ਪੀਆ ਖਸਮਾਨੇ, ਖਿੰਨ ਖਿੰਨ ਕਾਜ ਸਵਾਰੇ॥
ਦਰਸ਼ਨ ਕੂਕਰ ਕਰੇ ਬੇਨੰਤੀ, ਸੁਨਹੋ ਸਤਿਗੁਰ ਮੇਰੇ ਪਿਆਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੈਂਹ ਹਰਿ ਨਾਮ ਜਪਿਓ ਜਿਸ ਉਸ ਨਾ ਦੁੱਖ ਨਾ ਡਰ ਜਮ ਫਾਹੀਦਾ॥
ਜਿਸ ਨੂੰ ਮਨ ਭਾਵੇ ਤਿਸ ਤਿਲ ਸਮਾਇ,
ਅਸਾਂ ਆਸ ਲਗਾਇ ਕਬ ਦਰਸ ਹੋਸੀ, ਮੋਹੇ ਰਾਮ ਰਘੁਰਾਈ॥
ਤਬ ਕਰਮ ਕਮਾਊਂ ਜਬ ਅੰਮ੍ਰਿਤ ਨਾਮ ਫਲ ਪਾਊਂ,
ਤੁਧ ਆਵੇ ਖਿਆਲ ਮੋਹੇ ਹੋਵੋ ਦਿਆਲ॥
ਮੋਕੋ ਦੀਨ ਜਾਨਓ ਦਰਸ਼ਨ ਰਾਹ ਬਖਾਨਿਓ, ਮੈਂ ਤੁਧ ਪ੍ਰੀਤ ਲਗਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਦਇਆਵੰਦ ਦਿਆਲ ਪੁਰਖ ਖਸਮ ਹਮਾਰੇ,
ਸੋਹਣੇ ਸੁੰਦਰ ਹਰਿ ਰਾਇ, ਨਾਮ ਦਿਓ ਪਿਆਰੇ॥
ਨਾਮ ਵਸਾ ਕੇ ਹਿਰਦੇ ਅੰਦਰ ਪਰਮਗਤ ਪਾਊਂ,
ਤੇਰਾ ਕੀਰਤਨ ਸਦਾ ਸੁਖਦਾਈ, ਤਪਦੇ ਹਿਰਦੇ ਠਾਰੇ॥
ਹਮ ਗਰੀਬ ਕਿਛ ਜਾਨੋ ਨਾਹੀ, ਦਰਸ਼ਨ ਨੀਚ ਢਹਿ ਪਇਓ ਦੁਆਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਦਾਸ ਜਨੋ ਕੋ ਪ੍ਰਭ ਭਇਓ ਦਿਆਲ, ਦਾਸ ਜਨੋ ਕੋ ਪ੍ਰਭ ਕਿਰਪਾਲ॥
ਦਾਸ ਜਨੋ ਕੀ ਸੁਣੀ ਅਰਜੋਈ, ਹਰਿ ਕੀ ਆਸਾ ਹਰਿ ਸਿਓ ਪੂਰੀ ਹੋਈ॥
ਦਾਸ ਜਨੋ ਕੀ ਸੁਣੀਏ ਪੁਕਾਰ, ਪ੍ਰਭ ਕੀ ਮਹਿਮਾ ਅੰਤ ਨਾ ਪਾਰਾਵਾਰ॥
ਦਾਸ ਜਨੋ ਸੰਗ ਪ੍ਰਭ ਹੋਏ ਸਹਾਈ, ਪ੍ਰਭ ਕੀ ਕਿਰਪਾ ਹਮ ਸਭ ਤਾਈਂ॥
ਦਾਸ ਜਨ ਸਭ ਭਇਓ ਪੁਨੀਤ, ਹਰਿ ਜਨ ਸਿਓ ਕਰਿਓ ਜੋ ਪ੍ਰੀਤ॥
ਆਪ ਕਰੇ ਆਪੇ ਕਰਾਏ, ਆਪੇ ਕਰਨੇਹਾਰ,
ਦਾਸ ਕੀ ਪੈਜ ਰਾਖੇ ਆਪੇ ਪੂਰਾ ਪ੍ਰਭ ਮਿਹਰਬਾਨ॥

ਨਾਨਕ ਨਾਮ ਸਭਹਾਂ ਤੋਂ ਉੱਚਾ,
ਅਗੰਮ ਸ਼ਬਦ ਸੁਣਿਆ ਮਨੁੱਖ ਭਇਓ ਸੁੱਚਾ॥
ਦਰਸ਼ਨ ਨੀਚ ਕੀ ਸੁਣਿਓ ਬੇਨੰਤੀਆਂ,
ਪ੍ਰਭ ਕੀਜੇ ਮੋਹੇ ਹਿਰਦੇ ਵਾਸ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਆਸ)

ਦੀਨ ਕੇ ਦਾਤਾ ਗਰੀਬੋਂ ਕੇ ਵਾਲੀ, ਰਕਸ਼ਾ ਕਰੋ ਆਪ ਬਣ ਪਾਲੀ॥
ਹਉਂ ਨਿਰਬਲ ਨੀਚ ਨਿਮਾਣਾ,
ਤੁਮਰੀ ਉਸਤਤ ਕਰਨਾ ਨਾ ਜਾਣਾ, ਕਰੇ ਬੇਨਤੀ ਤੇਰੇ ਦਰ ਪੇ ਸਵਾਲੀ॥
ਤੁਧ ਕਿਰਪਾ ਤੇ ਨਾਮ ਕਮਾਊਂ,
ਭਵਸਾਗਰ ਸੇ ਮੁਕਤ ਹੋ ਜਾਊਂ, ਦਾਸ ਕੀ ਬੇਨਤੀ ਕਭੀ ਨਾ ਟਾਲੀ॥
ਤੂੰ ਹੀ ਤੂੰ ਮਨ ਹਰ ਵੇਲੇ ਬੋਲੇ,
ਬਾਵਰੇ ਨੈਣ ਪ੍ਰੀਤਮ ਕੋ ਟੋਲੇ, ਦਰਸ਼ਨ ਦਾਸ ਕਰੋ ਆਪ ਰਖਵਾਲੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨਾ ਚਿਤਾਰੇ ਅਵਗੁਣ ਹਮਾਰੇ, ਤੁਮ ਐਸੇ ਮਿਹਰਬਾਨ॥
ਕਿਰਪਾ ਕੀਜੈ ਹਮ ਪੇ ਸਾਹਿਬਾ, ਹਮ ਮੂਰਖ ਨਾਦਾਨ॥
ਤੁਮਹੀ ਹੋ ਬੰਧੂ ਤੁਮ ਸੁਖਦਾਤਾ, ਹੋ ਤੁਮਹੀ ਹਮਾਰੇ ਭ੍ਰਾਤਾ,
ਦਇਆ ਕਰੋ ਦਇਆਵਾਨ॥
ਮਾਤ ਪਿਤਾ ਤੁਮ ਜੀਵਨ ਦਾਤਾ, ਜਨਮ ਜਨਮ ਸੇ ਤੁਮਸੇ ਨਾਤਾ,
ਨਾ ਬਿਸਰੇ ਮਨ ਸੇ ਨਾਮ॥
ਆਇਓ ਨਾਥ ਤੇਰੀ ਸ਼ਰਨਾ, ਦਰਸ਼ਨ ਬਿਪਤਾ ਤੁਮਹੀ ਹਰਨਾ,
ਤੁਮਪੇ ਹੈ ਬਹੁ ਮਾਣ॥ (ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਪਦਮ ਪੰਚਮਣੀ)

(ਪਦਮ ਪਹਿਲਾ)

ਪੰਚ ਸਾ ਪੇ ਸਤਿਗੁਰ ਸੇਵਾ, ਪੰਚਮ ਸ਼ਬਦ ਅਨਹਦ ਲੇਵਾ॥

ਪਹਿਲੇ ਸਾ ਪੇ ਸ਼ਹਾਦਤ ਪਾਵੇ, ਦੂਸਰੇ ਸਾ ਪੇ ਸੱਚ ਕਮਾਵੇ॥

ਤੀਸਰੇ ਸਾ ਪੇ ਸਰਬੱਤ ਦਾ ਭਲਾ, ਚੌਥੇ ਸਾ ਪੇ ਸਿਦਕ ਸਰਬ ਕਲਾ॥

ਪੰਚਮ ਸਾ ਪੇ ਸਾਧ ਕਾ ਸੰਗ, ਜਨ ਦਰਸ਼ਨ ਪ੍ਰਭ ਆਨੰਦ ਆਨੰਦ॥

(ਪਦਮ ਦੂਜਾ)

ਪੰਚ ਸਾ ਪੇ ਜਾਊਂ ਕੁਰਬਾਨ, ਪੰਚਮ ਆਪੇ ਲਾਗੇ ਧਿਆਨ॥
ਪੰਚ ਸਾ ਪੇ ਉੱਤਮ ਸੰਗਤ, ਪੰਚਮ ਲਾਲ ਲਾਲ ਕੀ ਰੰਗਤ॥
ਪੰਚ ਸਾ ਪੇ ਉਪਜੇ ਪ੍ਰੇਮ, ਪੰਚ ਸਾ ਦਾਤੇ ਕੀ ਦੇਣ॥
ਪੰਚ ਸਾ ਪੇ ਆਵੇ ਗਿਆਨ, ਦਰਸ਼ਨ ਜਨ ਕੋ ਪ੍ਰਭ ਕਾ ਫੁਰਮਾਨ॥

(ਯਕੀਨ)

(ਦੋਹਾ)

ਪਤਿਤ ਪਾਵਨ ਪ੍ਰੀਤਮ ਗੋਸਾਈਂ, ਤੁਝ ਬਿਨ ਸਾਜਨੜੇ ਮਰ ਜਾਈ,
ਮਰਨੇ ਸੇ ਜਗ ਸਭ ਡਰਿਓ, ਤੇਰੇ ਭਗਤ ਕੋ ਭੈ ਨਾਹੀ॥ (ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਪਦਮ ਪਹਿਲਾ)

ਪੰਚ ਤਨ ਕੀਓ ਪਰਧਾਨਾ, ਪੰਚਮ ਕੋ ਦੀਓ ਜੁਗ ਜੁਗ ਮਾਨਾ॥
ਪੰਚ ਤਨ ਕੋ ਮਿਲਣੇ ਕੀ ਬਾਰੀ, ਪੰਚਮ ਮਾਹਿ ਸੋਝ ਤੁਮਾਰੀ॥
ਪੰਚਮ ਸ੍ਰੇਸ਼ਟ ਨਾ ਸ਼ਾਸ਼ਤਰ ਬੇਦ, ਪੰਚਮ ਮਾਹਿ ਨਾ ਤੁਮਰਾ ਭੇਦ॥
ਪੰਚ ਯਸ਼ਵੰਤੀ ਵਸੇ ਪਿਆਰੀ, ਪੰਚਮ ਸ਼ਬਦ ਸੁਰਤ ਨਾਮ ਖੁਮਾਰੀ॥
ਪੰਚਮ ਚੌਰਾਸੀ ਰਹੇ ਨਿਆਰਾ, ਪੰਚਮ ਉਪਜੈ ਪ੍ਰੇਮ ਤੁਮਾਰਾ॥
ਪੰਚ ਸਫਲ ਸੇਵ ਕਮਾਈ, ਪੰਚਮ ਪ੍ਰਥਮ ਮਹਿਮਾ ਗਾਈ॥
ਪੰਚ ਤੀਰਥ ਅਠਸਠਿ ਇਸ਼ਨਾਨੀ, ਪੰਚਮ ਗਿਆਨ ਗੂੜ੍ਹ ਗਿਆਨੀ॥
ਪੰਚ ਮੋਹ ਮਮਤਾ ਤਿਹਾਰੀ, ਪੰਚਮ ਦਰਸ਼ਨ ਜਾਇ ਬਲਿਹਾਰੀ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਪੰਚਮ ਬਸਤ ਪੰਚ ਵਿਕਾਰ, ਕਾਮ ਕ੍ਰੋਧ ਲੋਭ ਮੋਹ ਹੰਕਾਰ॥
ਪੰਚਮ ਮਨ ਹੁਕਮ ਚਲਾਏ, ਪੰਚਮ ਜਮ ਜਮ ਚੋਟਾਂ ਖਾਏ॥
ਪੰਚਮ ਜਨ ਦਰਗਾਹਿ ਸਤਿਕਾਰ, ਪੰਚਮ ਬਿਨ ਨਾ ਮੁਕਤ ਅਧਾਰ॥
ਪੰਚਮ ਛੱਤੀ ਪਦਾਰਥ ਬਨਸਪਤ, ਪੰਚਮ ਰਾਸ ਸੇਵਾ ਸਤਿਗੁਰ॥
ਪੰਚਮ ਹਰਿ ਪ੍ਰਭ ਰਹਿਓ ਭਰਪੂਰ, ਪੰਚਮ ਧਨ ਨਾਦ ਹਾਦਰਾ ਹਦੂਰ॥
ਪੰਚਮ ਹਰਿ ਆਪੇ ਰੂਪ, ਪੰਚਮ ਹਰਿ ਦਰਸ਼ਨ ਪੱਕਾ ਸਬੂਤ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਪ੍ਰਭ ਸੁਖਦਾਈ ਸਤਿਗੁਰ ਦਿਆਲ,
ਸਾਜਨ ਮੀਤ ਮੁਰਾਰੇ॥
ਨਾਮ ਬਿਸਾਰ ਮਰ ਜਾਊਂ,
ਚਰਨ ਕਮਲ ਚਿੱਤ ਧਾਰੇ॥
ਚੌਂਹ ਵਰਣੋਂ ਸੇ ਇੱਕ ਵਰਣ ਹੋਸੀ,
ਦਰਸ਼ਨ ਨੀਚ ਪੁਕਾਰੇ ਹਰਿ ਰਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਪ੍ਰਭ ਜੀਓ ਮੈਂ ਆਇਓ ਸ਼ਰਣ ਤੁਮਾਰੀ,
ਚਿੰਤਾ ਮਿਟੈ ਮੇਰੇ ਮਨ ਤਨ ਕੀ, ਕਲਹਿ ਕਲੇਸ਼ ਨਿਵਾਰੀ॥
ਜਾਪ ਤਾਪ ਕਰਨਾ ਨਾ ਜਾਨੋ, ਨਾ ਕੀਓ ਤੀਰਥ ਧਾਮ,
ਨਾ ਫੇਰੂੰ ਮਾਲਾ ਮਣਕੇ, ਜਬ ਇਨਕਾ ਭੇਦ ਨਾ ਜਾਣੀ॥
ਦੇਸ਼ ਬੇਗਾਨਾ ਪਰਦੇਸੀ ਪੀਆ, ਜਗ ਕੀ ਰੀਤ ਨਿਰਾਲੀ,
ਸਾਕ ਸੰਗ ਸਭ ਝੂਠੇ ਨਾਤੇ, ਸੱਚੀ ਪ੍ਰੀਤ ਤੁਮਾਰੀ॥
ਤੂੰ ਅੰਤਰਯਾਮੀ ਮੇਰਾ ਸੁਆਮੀ, ਕਣ ਕਣ ਤੇਰਾ ਬਸੇਰਾ,
ਜਲ ਥਲ ਗਗਨ ਤੂੰ ਸਰਬ ਵਿਆਪੀ, ਦਰਸ਼ਨ ਇਹ ਖੇਡ ਨਿਆਰੀ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਕਤੀ)

ਪੀੜ ਪਤਿਤ ਪਾਵਨ ਪ੍ਰਿਤਪਾਲ ਗੋਸਾਂਈ,

ਤੁਝ ਬਿਨ ਨੀਂਦ ਨੈਨਣ ਨਾ ਆਏ॥

ਦਿਓ ਦਰਸ ਪ੍ਰਭ ਅਬਿਨਾਸੀ, ਪੀੜ ਪੂਰੇ ਸਤਿਗੁਰ ਸੰਗ ਜਾਸੀ॥

ਤੁਝੇ ਧਿਆਇਆ ਮਹਾਂ ਪਰਮ ਪਦ ਪਾਇਆ ਹਰਿ ਰਾਇਆ॥

ਪਉੜੀ ਪੀੜ ਪੂਰੇ ਪ੍ਰਭ ਦਰਸ਼ਨ, ਅਗੰਮ ਗੋਸਾਈਂ ਹਉ ਤੂੰ ਮਾਨ ਜਾਈ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਬੰਧਨ ਮੁਕਤ ਹਰਿ ਦਰਸ਼ਨ ਕਉ, ਦਇਆ ਦਾਨ ਹਰਿ ਜਨ ਕਉ॥
ਸਾਧੂ ਸੰਗ ਜਿਸ ਹਰਿ ਹਰਿ ਜਪਿਆ, ਮੁਕਤ ਭੁਗਤ ਜੁਗਤ ਗੁਰ ਪ੍ਰਸਾਦਿ॥
ਤੁਧ ਜਾਣਿਆ ਹਰਿ ਮਨ ਮਾਨਿਆ, ਮੋਹ ਮਮਤਾ ਛੂਟ ਜਾਈ॥
ਮੁਗਧ ਅਗਾਦ ਨਾਨਕ, ਦਰਸ਼ਨ ਪ੍ਰਭ ਹਰ ਥਾਂਈ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਲੋਕ)

ਬਿਨ ਮਾਂਗੇ ਸਭ ਕਿਛ ਦੀਓ ਦੀਨਾ ਨਾਥ,
ਮਨ ਕੀ ਆਸਾ ਪੂਰੀ ਕਰਦਾ ਰਾਖੈ ਦਾਸਨ ਕੀ ਲਾਜ॥
ਐਸਾ ਦਿਆਲ ਪੁਰਖ ਮਿਹਰਬਾਨਾ, ਕੋਟ ਕੋਟਨ ਮੇਂ ਏਕ,
ਸਭਨਾਂ ਦੇਵੇ ਦੇਵਨਹਾਰਾ, ਦਰਸ਼ਨ ਧਾਰੇ ਰੂਪ ਅਨੇਕ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮਾਨਸ ਜਨਮ ਪਾਇਆ ਹੈ ਤੋ ਮਨ ਕੀ ਮੈਲ ਗਵਾ,
ਹਰਿ ਸੇ ਪ੍ਰੀਤ ਲਗਾਨੀ ਹੈ ਤੋ ਗੁਰ ਕੀ ਸ਼ਰਨੀ ਜਾ॥
ਪੰਚ ਤਨ ਮਿਲਾ ਹਰਿ ਸੇ, ਹਰਿ ਸੇ ਨੇਹਾ ਲਗਾ,
ਪ੍ਰੇਮ ਕੀ ਬਾਤੀ ਨਾਮ ਕਾ ਦੀਪਕ ਹਿਰਦੇ ਅਪਨੇ ਜਗਾ॥
ਜੀਵ ਜੰਤ ਭੀ ਕਰਤੇ ਪੁਕਾਰ, ਦਰਸ਼ਨ ਦੀਜੋ ਪ੍ਰਭ ਹੋ ਕੇ ਦਿਆਲ॥
ਮਨਮਤੀ ਤੂੰ ਕਿਉਂ ਨਹੀਂ ਸਮਝੇਂ ਮਨ ਕੋ ਤੂੰ ਸਮਝਾ॥
ਬਾਰਮਬਾਰ ਹਾਥ ਨਾ ਆਏ ਯੇਹ ਜੀਵਨ ਕੀ ਘੜੀਆਂ,
ਹਰ ਪਲ ਘਟਤੀ ਜਾਏ ਉਮਰੀਆ ਕੁਛ ਤੋ ਕਰਮ ਕਮਾ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮਿੱਠ ਬੋਲੜਾ ਤੂੰ ਸਾਜਨ ਪਿਆਰਾ, ਜਲ ਥਲ ਮਹੀਅਲ ਤੇਰਾ ਪਸਾਰਾ॥
ਹਵਾ ਮਿੱਟੀ ਪਾਣੀ ਅੱਗ, ਸਭ ਮਹਿ ਰਵਿ ਰਹਿਆ ਨਿਆਰਾ॥
ਮਨ ਤੂੰ ਕਾਹੇ ਫਿਰੇ ਅਨਜਾਨ,
ਬਾਹਰ ਢੂੰਡੇ ਮਿਲ ਨਾ ਪਾਵੇ ਪੂਰਣ ਭਗਵਾਨ॥
ਮਾਟੀ ਕੇ ਹਮ ਪੁਤਲੇ ਮਾਟੀ ਮੇ ਮਿਲ ਜਾਣਾ,
ਮਾਟੀ ਸੇ ਮਿਲਿਓ ਜੀਵਨ ਮਾਟੀ ਮੇ ਹੈ ਸਮਾਨਾ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਘ ਬਰਸ ਮੇਘਰਾਜ ਮੇਰੇ, ਅੱਤ ਊਚੇ ਦਾਸ ਤੁਹੇਰੇ॥
ਸੁੱਖ ਦੀਜੈ ਸਹਿਜ ਨਿਵਾਜੇ, ਰਾਖੋ ਪੈਜ ਮੇਰੇ ਰਾਮ ਰਾਜੇ॥
ਨਿਰਗੁਣ ਨਿਰਬਾਨ ਮੇਰੇ ਮਿਹਰਬਾਨ, ਮੁਕਤ ਭੁਗਤ ਸੁਮੱਤ ਦੀਜੈ ਦਾਨ॥
ਮਨ ਮਾਇਆ ਸੰਗ ਪ੍ਰੀਤ ਲਾਗੀ, ਕਿਰਪਾ ਆਪਨੀ ਕੀਜੈ॥
ਦਰਸ਼ਨ ਕਹਿਤ ਕੀਰਤਨ ਤੇਰਾ, ਤਨ ਧਨ ਮਨ ਲੀਜੈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰਾ ਸਾਜਨੜਾ ਹਰਿ ਸਾਜਨੜਾ, ਬਿਨ ਸਾਜਨ ਕਿਛ ਨਾਹੀਂ॥
ਸਿਮਰਤ ਨਾਮ ਹਰਿ ਉੱਤਮ ਸੇਵਾ, ਆਵਾਗਉਣ ਜਮ ਫੰਦਾ ਛੂਟ ਜਾਈ॥
ਤੇਰੀ ਰੰਗਤ ਲਾਲ ਲਾਲ ਰੰਗ ਰਾਤੇ, ਕੀਰਤਨ ਯਸ਼ ਕਿਰਤ ਕਮਾਈ॥
ਸਤਿਗੁਰ ਪ੍ਰਿਤਪਾਲ ਮੇਰੋ, ਦਰਸ਼ਨ ਦਿਆਲ ਪ੍ਰਭ ਹੋਵੋ ਸਹਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰਾ ਮਨ ਤ੍ਰਿਪਤ ਅਘਾਈ, ਪ੍ਰੀਤਮ ਸੰਗ ਹੋਈ ਦੂਣ ਸਵਾਈ॥
ਗੁਰ ਕਿਰਪਾ ਤੇ ਮਿਲੇ ਗੁਸਈਆਂ,
ਹੋਈਆਂ ਸਭੈ ਇੱਛਾ ਪੂਰੀਆਂ, ਪੀਆ ਮਨ ਭਾਈ॥
ਸਦ ਸੁਹਾਗਣ ਥੀਣ ਪੀਆ ਚਰਣੀ,
ਹੁਕਮੇ ਅੰਦਰ ਰਜ਼ਾ ਮੰਨਣੀ, ਜਿੰਨਾ ਨੇਹੁ ਸੱਚੀ ਲਾਈ॥
ਹਉਮੈ ਮਿਟੀ ਤ੍ਰਿਸ਼ਨਾ ਬੁਝੀ,
ਦਰਸ਼ਨ ਹੋਈਆਂ ਪ੍ਰੀਤਾਂ ਗੂੜ੍ਹੀਆਂ, ਮਨ ਤਨ ਸ਼ਰਣੀ ਲਾਈ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਮਾਣ ਤਾਣ)

ਮੇਰਾ ਮਾਣ ਭੀ ਤੂੰ ਮੇਰਾ ਤਾਣ ਭੀ ਤੂੰ, ਮੈਂ ਤੱਕੀ ਓਟ ਤੁਮਾਰੀ ਜੀਓ॥
ਨਾਮ ਧਿਆਊਂ ਹਰਿ ਗੁਣ ਗਾਊਂ, ਸੰਤ ਸਾਜਨ ਕੇ ਬਲਿ ਬਲਿ ਜਾਊਂ॥
ਤਨ ਮਨ ਧਨ ਤੁਧ ਪੇ ਵਾਰੀ, ਪੂਰਨ ਹੋਵੇ ਆਸ ਹਮਾਰੀ॥
ਮੇਰੀ ਬੇਨਤੀ ਕਰੋ ਪਰਵਾਨ ਜੀਓ, ਦਰਸ਼ਨ ਤਓ ਸੇ ਕੁਰਬਾਨ ਜੀਓ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰੇ ਸਤਿਗੁਰ ਕਿਰਪਾ ਕੀਜੈ, ਮੋਹੇ ਨਾਮ ਦੀਜੈ॥
ਤੁਮ ਪੇ ਓਟ ਹਮਰੀ, ਮੋ ਕੋ ਨੀਚ ਜਾਨ ਕਰ, ਅਪਨੀ ਸ਼ਰਣ ਲੀਜੈ॥
ਮੇਰੇ ਭਾਗ ਅਤਿ ਮਾੜੇ ਜੀਓ, ਇਨਸੇ ਛੁਟਕਾਰਾ ਦੀਜੈ॥
ਦਇਆ ਕੇ ਦਾਤਾ ਤੁਮ ਹੋ ਠਾਕੁਰ, ਦਰਸ਼ਨ ਕੀ ਬੇਨੰਤੀ ਸੁਣ ਲੀਜੈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰੇ ਗੁਰੂ ਗੰਭੀਰ ਗੁਣਿਆਰ ਬਿਧਾਤੇ, ਸਤਿਗੁਰ ਪੁਰਖ ਸੁਜਾਨ,
ਹਮ ਗਰੀਬ ਨਾਹੀ ਗੁਣ ਕੋਏ, ਤੁਮ ਦਾਨ ਦਿਓ ਮਿਹਰਬਾਨ॥
ਜੋ ਤੁਧ ਭਾਵੈ ਸਮਰੱਥ ਦਾਤੇ ਤੂੰ ਕਰਤੇ ਆਪੇ ਕਰਤਾ,
ਬਿਨ ਨਾਮ ਨਾ ਛੂਟੇ ਦਰਸ਼ਨ ਜਮ ਫਾਸਾ॥ (ਯਕੀਨ)

(ਦੋਹਾ)

ਮੇਰੇ ਮਨ ਹਰਿ ਪ੍ਰੀਤ ਕਰ ਐਸੀ, ਚੱਕਵੀ ਚਕੋਰ ਚੰਦ ਜੈਸੀ॥
ਮਨ ਮੇਰੇ ਹਰਿ ਜਾਨ ਐਸੀ, ਗਾਂ ਧਿਆਨੇ ਬੱਛੜੇ ਜੈਸੀ॥
ਐਸਾ ਨਾਮ ਜਪ ਮਨ ਮੇਰੇ, ਪੰਚ ਦੁਸ਼ਟ ਭਰਮ ਛੂਟੇ ਤੇਰੇ॥ (ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰੇ ਪਤਿਤ ਪਾਵਨ ਪੀਆ ਮਨ ਭਾਏ, ਹਰਿ ਰਾਇ,
ਹਰਿ ਰਾਇ ਹਰਿ ਰਾਇ ਹਰਿ ਰਾਇ ਤੁਝ ਮਾਹਿ ਸਮਾਏ॥
ਪੀੜ ਜ਼ਹਿਰ ਪਿਆਲਾ ਅੰਮ੍ਰਿਤ ਬਣ ਜਾਈ, ਜੇ ਪੀਆ ਸੰਗ ਪ੍ਰੀਤ ਮਨ ਭਾਈ॥
ਤੂੰ ਠਾਕੁਰ ਬੇਅੰਤ ਬਿਧਾਤੇ ਤੁਝ ਬਿਨ ਮਰ ਜਾਈ॥
ਦਿਓ ਸੁਮੱਤ ਸੱਚ ਸਿਦਕ ਸਾਧ ਸੰਗਤ, ਸਰਬੱਤ ਸ਼ਹਾਦਤ ਹੋਵੋ ਤੁਮ ਸਹਾਈ॥
ਘਟ ਘਟ ਵਾਸੀ ਪ੍ਰਭ ਅਬਿਨਾਸੀ,
ਯਾਮੀ ਯਾਮੀ ਅੰਤਰਯਾਮੀ ਦਰਸ਼ਨ ਦਾਸ ਤੇਰੀ ਸ਼ਰਣਾਈ, ਹਰਿ ਰਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੈਂ ਗਰੀਬ ਦਾਸ ਤੁਮਾਰਾ, ਤੁਝ ਬਿਨ ਨਾਹੀ ਅਵਰ ਸਹਾਰਾ॥
ਮੁਝ ਮੇਂ ਤੂੰ ਤਾਂ ਭਓ ਕੇਹਾ,
ਤੁਮਰੇ ਰੰਗ ਰੰਗਾ ਮੋਰਾ ਜੀਆ, ਤੇਰਾ ਰੂਪ ਨਿਆਰਾ॥
ਹਰ ਪਲ ਮਾਰਗ ਰਾਹ ਦਰਸਾਈ,
ਨਾਮ ਧਨ ਪਾਇਓ ਯੁਕਤੀ ਬਤਾਈ, ਖੋਲਾ ਮਨ ਕਾ ਦੁਆਰਾ॥
ਕਿਰਪਾ ਕੀਜੈ ਰਹਿਮਤ ਬਰਸੇ,
ਮਿਲਣੇ ਕੋ ਮੇਰਾ ਜੀਆ ਤਰਸੇ, ਹੋਵੇ ਦਰਸ਼ਨ ਤੁਮਾਰਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੋਹੇ ਆਪਣਾ ਨਾਮ ਦੇਓ, ਜਾਂ ਤੁਧ ਭਾਵੇ ਸਤਿਗੁਰੂ॥
ਤੇਰੀ ਮਿਹਰ ਤੇਰੀ ਦਇਆ, ਤੂੰ ਸਭ ਕਾ ਸੁਆਮੀ ਜੀਓ॥
ਤੇਰਾ ਰੂਪ ਤੇਰਾ ਰੰਗ, ਤੇਰਾ ਖੇਲ ਰਚਾਇਆ॥
ਗੁਰ ਬਿਨ ਰੂਪ ਰੰਗ ਸਭ ਫੀਕੇ, ਹਰਿ ਬਿਨ ਫੀਕੀ ਸਭ ਮਾਇਆ॥
ਹਰਿ ਕੀ ਸੇਵਾ ਉੱਤਮ ਸੁਣ ਭਾਈ, ਹਰਿ ਕੀ ਸੇਵਾ ਹੋਵੇ ਸਫਲ ਕਮਾਈ॥
ਨਾਮ ਧਿਆਇਨ ਹਰਿ ਗੁਣ ਗਾਇਨ, ਆਠਿ ਪਹਿਰ ਅਰਾਧੀ॥
ਦਰਸ਼ਨ ਕਹੇ ਸੁਣ ਹਰਿ ਮੀਤਾ, ਹਿਰਦੇ ਆਣ ਵਸਿਓ ਮੇਰੇ ਚੀਤਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਰਾਮ ਸਿਮਰ ਮਨ ਮੇਰੇ ਸ਼ਬਦ ਅਘਾਈ,
ਮੁਕਤ ਜੁਗਤ ਸਤਿਗੁਰ ਨਾਮ ਸੇਵਾ ਪਾਈ॥
ਸਰਬ ਨਿਧਾਨ ਸਰਬ ਵਿਆਪੀ ਠਾਕੁਰ ਦਾਤਾ,
ਸੱਚ ਰਾਸ ਤੇਰੀ ਭਗਤ ਕਮਾਈ॥
ਜਾਪ ਤਾਪ ਸੰਤਾਪ ਸੇ ਸਾਹਿਬ ਤੇਰਾ ਸੇਵਕ ਨਿਆਰਾ,
ਧਰਤ ਪਾਤਾਲ ਕੀਓ ਚਹੁੰ ਕੁੰਟ ਗਗਨ ਰੁਸ਼ਨਾਈ॥

ਆਦਿ ਨਾਰਾਇਣ ਮੇਰੇ ਜਗਦੀਸ਼ ਸੁਆਮੀ,
ਹਰਿ ਭਗਤੀ ਮਾਰਗ ਰਾਹ ਦਰਸਾਈ॥
ਜਨ ਦਰਸ਼ਨ ਤੇਰਾ ਦਾਸ ਭਇਓ,
ਤੁਧ ਕਿਰਪਾ ਤੇ ਮਨ ਮੈਲ ਗਵਾਈ॥

(ਯਕੀਨ)

# ਚਿੰਤਾਮਣੀ

ਪੰਨ
ਨਾਨਕ

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਉਡੱਣ ਪੰਖੇਰੂ ਬਿਨ ਰਾਹੀ, ਰਾਹ ਦਰਸਾਵੇ ਕਿਹੜਾ,
ਤਰਨ ਸਮੁੰਦਰੀਂ ਡੱਡੂ ਮੱਛੀਆਂ, ਨਾ ਪੰਥ ਨਾ ਡੇਰਾ॥
ਰੱਖਣ ਲੋਕੀ ਕੁੱਤੇ ਬਿੱਲੀਆਂ ਜਾਤ ਪਾਤ ਨਾ ਝੇੜਾ,
ਰਿਸ਼ਤੇ ਨਾਤੇ ਲਹੂ ਦੇ ਜਾਨਣ, ਪਾਲੇ ਨਾ ਕੋ ਬੰਦਾ ਤੇਰਾ॥
ਤੱਕ ਕੇ ਤੇਰੀ ਮਹਿਮਾ ਦਾਤਾ, ਲੋਚਦਾ ਏ ਮਨ ਮੇਰਾ,
ਦਰਸ਼ਨ ਦਾਸ ਜਾਨੇ ਏਕੋ, ਸਭ ਥਾਂ ਜਿਸਦਾ ਬਸੇਰਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਅਬ ਮੁਝ ਸੇ ਰਹਾ ਨਾ ਜਾਏ, ਜਬ ਸੇ ਤੁਮਰੇ ਦਰਸ਼ਨ ਪਾਏ॥
ਜੰਗਲ ਜੰਗਲ ਢੂੰਡੇ ਜੋਗੀ ਥੱਕ ਹਾਰੇ, ਝਲਕ ਦਿਖਾਦੋ ਮੋਹੇ ਪ੍ਰੀਤਮ ਪਿਆਰੇ॥
ਰੈਣ ਨਾ ਵਿਹਾਵੇ ਚੈਨ ਨਾ ਆਵੇ, ਤੁਧ ਬਿਨ ਮੇਰੇ ਪ੍ਰੀਤਮ ਹਰਿ ਰਾਇ॥
ਮੋਹੇ ਬਤਾ ਦੋ ਪਿਆਸ ਮਿਟਾ ਦੋ, ਕਿੰਨ ਬਿਧ ਮਿਲੋਗੇ ਰਾਮ ਪਿਆਰੇ॥
ਨੈਨਾ ਪਿਆਸੇ ਬਿਰਹਾ ਦੇ ਮਾਰੇ, ਚਿੰਤਾ ਚਿੱਤ ਨਿੱਤ ਸਤਾਵੇ॥
ਦਰਸ਼ਨ ਦਾਸ ਦਾਸਨ ਕੋ ਦਾਸਾ, ਸੇਵਾ ਸਿਦਕ ਨਾਮ ਸਹਾਰੇ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਅਵਰ ਕਿਆ ਲੋਚੇ ਲੋਚ ਪ੍ਰਭ ਦਰਸ਼ਨ, ਜਿਸ ਸੰਗ ਹੋਸੀ ਤੇਰਾ ਉਧਾਰ,
ਨਾਮ ਕੀ ਦਾਤ ਮਿਲੇ ਗੁਰ ਸ਼ਰਣੀ, ਨਾਮ ਸਹਾਰੇ ਭਉਜਲ ਪਾਰ॥
ਸੇਵਾ ਸਾਧ ਸੰਗਤ ਕੀ ਕੀਨੋ, ਹੋਸੀ ਦਰਗਾਹੇ ਪਰਵਾਨ,
ਭਇਓ ਕਿਰਪਾਲ ਪ੍ਰਭ ਆਪੇ, ਜਬ ਲਾਗੇ ਸਿਮਰਨ ਧਿਆਨ॥
ਕਾਮ ਕ੍ਰੋਧ ਲੋਭ ਮੋਹ ਹੰਕਾਰ, ਮਨ ਕੀ ਮੈਲ ਹਉਮੈਂ ਵਿਸਾਰ,
ਪੰਚ ਤਨ ਸੰਗ ਆਪ ਕਰਤਾਰ, ਸਿਮਰ ਲੇ ਸੱਚਾ ਹਰਿ ਕਾ ਨਾਮ॥
ਜਨਮ ਅਮੋਲਕ ਹੀਰਾ ਪਾਇਆ, ਗੁਰ ਕੇ ਬਿਨਾ ਨਿਗੁਰਾ ਕਹਾਇਆ,
ਸ਼ਰਣ ਪ੍ਰਾਪਤ ਗੁਰ ਕੀ ਕੀਨੋ, ਦਰਸ਼ਨ ਮਿਲਸੀ ਨਾਮ ਦਾਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਜਨ ਸੁੰਦਰ ਮਨਮੋਹਣੇ ਨੂੰ ਦੇ ਸੁਨੇਹਾ ਮਰਦਨ,
ਤੁੱਧ ਬਿਨ ਮਰਦਨ ਮਰ ਜਾਈ, ਤੁੱਧ ਬਿਨ ਮਰਦਨ ਨਾਹੀ॥
ਮਰੇ ਮੋਹੇ ਮਨ ਹਉਮੈ ਰੋਗ, ਰੋਗ ਬਿਨਾ ਨਾਹੀ ਵਿਯੋਗ,
ਜਿਸ ਮਨ ਗੁਰੂ ਵਿਯੋਗ, ਊਹਾਂ ਮੁਕਤ ਜੁਗਤ,
ਸੁਮੱਤ ਗੁਰਪ੍ਰਸਾਦਿ ਲਏ, ਤੂੰ ਸਭਨੀ ਥਾਂਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਵਾਸ ਸਵਾਸ ਪ੍ਰਭ ਨਾਵੈਂ ਲਾਈਏ, ਅੰਤ ਕਾਲ ਫਿਰ ਨਾ ਪਛਤਾਈਏ॥
ਇਹ ਜੀਵਨ ਅਨਮੋਲ ਹੈ ਭਾਈ, ਅੰਤਰ ਝਾਤ ਮਿਲੇਗੀ ਖੁਦਾਈ,
ਹਰਿ ਏ ਸੱਚ ਸੱਚ ਮਨ 'ਚ ਵਸਾਈਏ॥
ਸੋਹਣੇ ਮਹਿਲ ਮੁਨਾਰੇ ਨਾ ਰਹਿਣੇ, ਸੰਗੀ ਸਾਥੀ ਸਭ ਛੱਡ ਜਾਣੇ,
ਧਨ ਦੌਲਤ ਸਭ ਵਸਤੁ ਪਰਾਈਏ॥
ਲੇਖਾ ਜੋਖਾ ਪਵੇਗਾ ਦੇਣਾ, ਕਿਉਂ ਸੋਵਤ ਗਵਾਏ ਰੈਣਾ,
ਨਾਮ ਧਿਆ ਕੇ ਕਰਮ ਕਮਾਈਏ॥

ਆਤਮ ਰੋ ਰੋ ਕਰੇ ਪੁਕਾਰ, ਕਿਉਂ ਭੁੱਲ ਗਿਉਂ ਤੂੰ ਦਾਤਾਰ,
ਦਰਸ਼ਨ ਗੁਰ ਕੋਈ ਨਾ ਸਹਾਈਏ॥

(ਯਕੀਨ)

(ਦੋਹਾ)

ਸਤਿ ਸੰਗਤ ਗੁਰੂ ਕੀ ਹਰਿ ਪਿਆਰੀ
ਜਿਨ ਹਰਿ ਹਰਿ ਨਾਮ ਮਨ ਭਾਇਆ,
ਜਿਨ ਸਤਿਗੁਰੂ ਸਤਿਸੰਗ ਨਾ ਪਾਇਆ,
ਸੋ ਭਾਗਹੀਨ ਪਾਪੀ ਜਨ ਆਇਆ॥

(ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸਾਧ ਸੰਗ ਹਰਿ ਉੱਤਮ ਸੰਗ, ਵਡਭਾਗੀ ਵਿਰਲਾ ਕੋ ਪਾਵੇ॥
ਸਿਮਰਤ ਸਿਮਰਤ ਝੂਠੀ ਮਾਇਆ, ਮਨ ਮੈਲ ਨਾ ਜਾਇ॥
ਆਪਨੇ ਆਪਨੇ ਸੁੱਖ ਭਾਲਤੇ, ਸਾਕ ਸੰਗ ਸਭ ਮੀਤ॥
ਨਾਮ ਬਿਸਾਰੇ ਦੁੱਖ ਪਾਂਵਦੇ, ਸ਼ਾਂਤ ਨਾ ਆਵੇ ਚੀਤ॥
ਡਿਠੇ ਸਭਹਿ ਆਸਰੇ ਜੀਓ, ਅੰਤ ਸਭਹਿ ਛੱਡ ਜਾਣ॥
ਸੰਤ ਸੰਗ ਨਾ ਛੂਟਿਓ ਬੇਦ ਕਤੇਬ ਫਰਮਾਨ॥
ਰਾਣਾ ਰਹਿਓ ਨਾ ਰੰਕ ਖਾਕੋ ਖਾਕ ਮਿਲ ਜਾਣ॥
ਦਰਸ਼ਨ ਦਾਸ ਕਰੇ ਬੇਨੰਤੀ, ਮੇਰੀ ਆਸ ਪੂਰੀ ਕੀਜੇ ਸ਼ਾਹ ਸੁਲਤਾਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸੁਣ ਬੇਨਤੀ ਮੇਰੀ ਪ੍ਰਭ ਕਿਰਪਾਲ, ਗੁਰ ਕਿਰਪਾ ਠਾਕੁਰ ਭਇਓ ਦਿਆਲ॥
ਤੂੰ ਹੀ ਤੂੰ ਹਰ ਥਾਨ ਸਜਾਇ, ਤੂੰ ਹੀ ਤੂੰ ਹਰ ਮਾਂਹਿ ਸਮਾਇ॥
ਤੁਧ ਬਿਨਾ ਫੀਕੇ ਸਭ ਮਾਹਿ, ਤੁਧ ਬਿਨਾ ਕੈਸੇ ਜੀਵਾਂ ਮੈਂ ਹਰਿ ਰਾਇ॥
ਮੈਂ ਮੈਂ ਕਰਤਾ ਜਗ ਬੰਧਾ ਜੀਓ, ਦਰਸ਼ਨ ਬਿਨਾ ਤੇਰੇ ਕੈਸੇ ਜੀਵਾਂ ਜੀਓ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਸ਼ਰਣ ਪੜੇ ਦੋਏ ਹੱਥ ਜੋੜ, ਸੁਣ ਲਓ ਅਰਜ ਹਮਾਰੀ,
ਦੀਨ ਕੇ ਦਾਤੇ ਪੁਰਖ ਬਿਧਾਤੇ, ਰਾਖੋ ਪੈਜ ਹਮਾਰੀ॥
ਏਕੋ ਓਟ ਤੁਮਾਰੀ ਦਾਤਾ, ਅਵਰ ਨਾਹੀ ਕੋ ਦੂਜਾ,
ਅੰਤਰ ਕੀ ਗਤਿ ਤੁਮ ਹੀ ਜਾਣੋ, ਬਿਨਤੀ ਸੁਣੋ ਬਨਵਾਰੀ॥
ਦੀਨ ਕੇ ਦਾਤੇ, ਦਇਆ ਕੇ ਸਾਗਰ, ਇਹ ਸਭ ਤੇਰੀ ਵਡਿਆਈ,
ਦਇਆਲ ਹੋਵੇ ਜਨ ਆਪਣੇ ਮੇਰੇ ਰਾਮ ਰਘੁਰਾਈ॥
ਬਖਸ਼ੋ ਮੋਹੇ ਅੰਮ੍ਰਿਤ ਨਾਮ ਮੇਰੇ ਪੂਰਣ ਭਗਵਾਨ,
ਦਰਸ਼ਨ ਮਾਂਗੇ ਤੇਰੀ ਰਹਿਮਤ ਕਰ ਪੂਰੀ ਆਸ ਹਮਾਰੀ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਹੱਕ ਪਰਾਇਆ ਜੋ ਖਾਵੇ ਉਹ ਪਾਪਾਂ ਦਾ ਅਧਿਕਾਰੀ,

ਦਾਨ ਪੁੰਨ ਸੇ ਮਿਲੇ ਈਆਂ ਉਆਂ ਸੋਭਾ ਭਾਰੀ॥

ਜਿਨਹੀ ਦੀਓ ਜਨਮ ਤੋਹੇ ਦੀਓ ਪਦਾਰਥ ਸੰਗ,

ਖਾਏ ਖਾਏ ਥੱਕ ਹਾਰੇ ਤੂੰ ਉਹ ਦੇਤਾ ਨਾ ਹਾਰੇ॥

ਸੰਗ ਤਿਨਹਾਂ ਦਾ ਕਰੀਏ ਜੋ ਸੱਚ ਦਾ ਰਾਹ ਦਿਖਲਾਵੇ,

ਪਾਪੀ ਸੰਗ ਨਾ ਚਲੀਏ ਪਾਪਾਂ ਦੀ ਗੰਢ ਭਾਰੀ॥

ਧਰਮ ਨੂੰ ਜਾਨੋ ਧਰਮੀ ਬਣੋ ਨਾ ਕਰੋ ਬਹੁ ਚਤੁਰਾਈ,

ਦਰਸ਼ਨ ਕਹੇ ਯੇਹ ਜਨਮ ਬਹੁਮੁੱਲਾ ਰੇ ਭਾਈ॥

ਕਹੇ ਦਰਸ਼ਨ ਸੁਣੋ ਰੇ ਸੰਤੋ ਧਰਮ ਨੇ ਦੁਨੀਆ ਤਾਰੀ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਹਰਿ ਕੇ ਬੰਦੇ ਹਰਿ ਕਿਉਂ ਭੁਲਾਏਂ, ਕਰੇਂ ਚਤੁਰਾਈ ਬਹੁਤ ਦੁੱਖ ਪਾਏ॥
ਕਰ ਬੰਦਗੀ ਤੇਰੇ ਕਾਮ ਆਏ, ਜਮਪੁਰੀ ਸੇ ਤੁਮਹੇ ਛੁਡਾਏ॥
ਮੈਂ ਮੈਂ ਕਰਤਾ ਮੈਂ ਨਾ ਮਾਰੇਂ, ਮੈਂ ਕੇ ਕਾਰਣ ਰਾਮ ਬਿਸਾਰੇਂ॥
ਕਰੋ ਯਤਨ ਮਨ ਮਾਨ ਜਾਏ, ਪੰਚ ਦੁਸ਼ਟ ਕੋ ਮਾਰ ਭਗਾਏ॥
ਜੋ ਪ੍ਰਾਨੀ ਹਰਿ ਗੁਣ ਗਾਏ, ਦਰਸ਼ਨ ਸੋਈ ਪਰਮਗਤ ਪਾਏ॥

(ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਰਮ ਭੁੱਲ ਕੂੜ ਕਮਾਂਦੇ, ਮਨਮੁਖ ਚੋਟਾਂ ਦਰ ਦਰ ਖਾਂਦੇ॥
ਗੁਰਮੁਖ ਰਾਮ ਕਬਹੂੰ ਨਾ ਵਿਸਾਰੇ, ਮਨਮੁਖ ਪ੍ਰੀਤ ਮਾਇਆ ਧਾਰੇ॥
ਸੰਗ ਨਾ ਲੇਤੇ ਸੰਗ ਨਾ ਦੇਤੇ, ਸਾਕਤ ਪੰਚ ਦੁਸ਼ਟ ਪਿਆਰ॥
ਰਹਿਓ ਰਾਮ ਸਦਾ ਅਟੱਲ, ਦਰਸ਼ਨ ਨਾਮ ਅਚੱਲ ਅਬਿਚਲ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਾਹੇ ਰੇ ਮਨ ਕੀ ਡਗਰੀਆ ਡੋਲੇ,

ਅੰਮ੍ਰਿਤ ਵੇਲੇ ਅਨਹਦ ਸ਼ਬਦ ਬਾਬੀਹਾ ਬੋਲੇ॥

ਅੰਧਲ ਟੇਕ ਤੁਮਾਰੀ ਰਾਮ ਜੀਓ, ਹਮ ਸਭ ਠਹਿਰੇ ਭਿਖਾਰੀ॥

ਸੇਵਕ ਸੇਵ ਭਗਤ ਕਮਾਈ, ਤੁਧ ਤੇ ਰਾਮਾ ਪਾਈ॥

ਤੂੰ ਦਰਿਆਓ ਤੂੰ ਹੀ ਬੰਧ, ਤੂੰ ਬੰਧੂ ਤੂੰ ਹੀ ਭ੍ਰਾਤਾ॥

ਮਨ ਮਾਨੇ ਹਰਿ ਨਾਮ ਸਿਮਰ ਜੀਓ, ਗੁਰ ਸ਼ਬਦ ਭੇਦ ਬਤਾਈ॥

ਹਰਿ ਰੰਗ ਰਾਤਾ ਪੁਰਖ ਬਿਧਾਤਾ,
ਨਾਨਕ ਨਾਮ ਕੋ ਵਿਰਲਾ ਜਾਤਾ॥
ਸਾਧੂ ਸੰਗ ਪਰਮਪਦ ਪਾਈ,
ਦਰਸ਼ਨ ਕਹਿਤ ਦੁੱਖ ਕਲੇਸ਼ ਸਭਹਿ ਨੱਸ ਜਾਈ॥

(ਯਕੀਨ)

## ਖਤਰਾ

ਈਮਾਨ ਕੋ ਨਹੀਂ ਇਨਸਾਨ ਕੋ, ਸਾਧੂ ਕੋ ਨਹੀਂ ਸ਼ੈਤਾਨ ਕੋ॥
ਬੁਲ ਕੋ ਨਹੀਂ ਗੁਲ ਕੋ, ਖੁਦਾ ਕੋ ਨਹੀਂ ਖੁਦ ਕੋ॥
ਧਰਮ ਕੋ ਨਹੀਂ ਸ਼ਰਮ ਕੋ, ਸਾਂਝ ਕੋ ਨਹੀਂ ਭਰਮ ਕੋ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਿੰਨ ਕਾਰਣ ਤੂੰ ਜਗ ਮੇਂ ਆਇਆ ਮਨ ਮੇਂ ਸੋਚ ਵਿਚਾਰ,
ਮੇਰੀ ਮੇਰੀ ਕਰਤਾ ਰਹਾ ਤੂੰ ਪ੍ਰਭ ਕੋ ਦੀਆ ਵਿਸਾਰ॥
ਜਿਸਨੇ ਦੀਆ ਉਸਨੇ ਲੀਆ ਤੂੰ ਕਿਉਂ ਭਏ ਉਦਾਸ,
ਕੱਲ ਤੱਕ ਥਾ ਜੋ ਤੇਰਾ ਅਬ ਔਰ ਕਿਸੀ ਕੇ ਪਾਸ॥
ਜੋ ਆਇਆ ਸੋ ਚਲਸੀ ਇੱਕ ਦਿਨ, ਯੇ ਕੁਦਰਤ ਕਾ ਖੇਲ,
ਆਪੇ ਜੋੜੇ ਆਪ ਵਿਛੋੜੇ ਆਪੇ ਬਖਸ਼ਣਹਾਰ॥
ਕਰ ਲੇ ਨਾਮ ਕਮਾਈ ਬੰਦੇ, ਨਾਮ ਹੈ ਮੁਕਤ ਅਧਾਰ,
ਲੱਖ ਚੌਰਾਸੀ ਕੱਟ ਜਾਏਂਗੇ ਦਰਸ਼ਨ ਹੋਂਗੇ ਮਿਹਰਬਾਨ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕਿਰਪਾ ਕਰੋ ਪ੍ਰਭ ਕਿਰਪਾਲ, ਹਿਰਦੇ ਵਸੋ ਗੋਬਿੰਦ ਗੋਪਾਲ॥
ਨੈਨਣ ਉਡੀਕਾਂ ਮਨ ਚੈਨ ਨਾ ਪਾਵੈ, ਬਿਨ ਤੇਰੇ ਨਾ ਰੈਣ ਵਿਹਾਵੇ॥
ਮੈਂ ਪਿਆਸੀ ਤਾਂਘ ਮਿਲਣ ਕੀ ਤੁਧ ਬਿਨ ਜਾਪੈ ਘੋਰ ਅੰਧਿਆਰ॥
ਤੁਧ ਸੰਗ ਸੋਹੇ ਸਪਤ ਸ਼ਿੰਗਾਰ, ਬਿਨ ਤੇਰੇ ਜੀਉਣਾ ਧ੍ਰਿਗ ਸੰਸਾਰ॥
ਦੇਓ ਪ੍ਰੀਤ ਚਰਨ ਕਮਲ ਕੀ ਦਰਸ ਤੁਮਾਰੇ ਕੀ ਪਿਆਸ॥
ਆਸ ਲਗਾਸਾਂ ਤੁਧ ਪੇ ਸਾਹਿਬਾ ਤੁਧ ਬਿਨ ਸੁਣੇ ਕੌਣ ਪੁਕਾਰ॥
ਦਰਸ਼ਨ ਦੀਜੋ ਨਾਥ ਪਿਆਰੇ ਤੁਮਰੀ ਓਟ ਤੁਮ ਪੇ ਮਾਣ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਕੈਸੇ ਕਰੂੰ ਤੇਰੀ ਮੈਂ ਅਰਾਧਨਾ ਮੋਹੇ ਗੁਣ ਨਾਹੀ ਰੇ॥
ਸਾਂਵਲੇ ਰੰਗੀਲੇ ਪ੍ਰੀਤਮ ਪਿਆਰੇ,
ਚਰਣ ਪ੍ਰੀਤ ਦੇਹੋ ਮੋਹੇ ਪ੍ਰਿਤਪਾਲੇ, ਮੈਂ ਜਾਊਂ ਬਲਿਹਾਰੇ॥
ਗੁਰ ਬਿਨ ਮੁਕਤ ਨਾ ਪਾਇਓ ਕੋਇ,
ਹਰਿ ਕੀ ਭਗਤੀ ਗੁਰ ਸੰਗ ਹੋਇ, ਗੁਰ ਗਿਆਨ ਬਤਾਇਓ ਰੇ॥
ਦਾਸ ਕੀ ਆਸ ਪੂਰੀ ਕੀਜੈ,
ਹਿਰਦੇ ਵਾਸ ਕਰ ਚਰਣੋਂ ਮੇਂ ਲੀਜੈ, ਮੋਹੇ ਦਰਸ਼ਨ ਕੀ ਪਿਆਸ ਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਅਰਜ਼)

ਚਰਨ ਪ੍ਰੀਤ ਮੋਹੇ ਦੀਜੈ, ਪ੍ਰਭ ਜੀਓ ਕਿਰਪਾ ਕੀਜੈ॥
ਚਰਨ ਧੋਏ ਚਰਨਾਂਮਤ ਪੀਵਾਂ, ਮਨ ਨਿਰਮਲ ਹੋ ਚਰਨੀ ਥੀਵਾਂ,
ਐਸੀ ਸੁਮੱਤ ਮੋਹੇ ਦੀਜੈ॥
ਚਰਨ ਸ਼ਰਨ ਮਿਲੇ ਗੁਰੂ ਕੀ ਸੇਵਾ, ਸਹਿਜ ਧੁਨ ਉਪਜੇ ਗਾਵੇ ਗੁਣ ਜੀਹਵਾ,
ਨਾਮ ਬਿਨਾ ਰਸ ਫੀਕੈ॥
ਚਰਨ ਕਮਲ ਮਿਲੇ ਸੁੱਖ ਅਨੰਦਾ, ਦਾਸ ਪੇ ਕਿਰਪਾ ਕੀਜੈ ਗੋਬਿੰਦਾ,
ਦਰਸ਼ਨ ਨਾਮ ਰਸ ਦੀਜੈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

(ਸ਼ਲੋਕ)

ਚਿੱਟੀ ਕਾਲੀ ਚਮੜੀ, ਨਾ ਨੀਲੇ ਪੀਲੇ ਵੇਸ,
ਸਤਿਗੁਰ ਸੇਵਾ ਛੂਟੇ ਭਰਮ, ਨਾ ਲਾਗੇ ਦੂਖ ਕਲੇਸ॥
ਤੁਧ ਬਿਨ ਤੜਫੇ ਪ੍ਰੀਤਮ ਪਿਆਰੀ, ਜਿਵੇਂ ਚਾਤ੍ਰਿਕ ਬੂੰਦ,
ਗੁਰ ਕਿਰਪਾ ਤੇ ਮਿਲੇ ਗੋਸਈਆਂ, ਨਾ ਮਿਲੇ ਮੁੰਡਾਇਆਂ ਮੂੰਡ॥ (ਯਕੀਨ)

(ਦੋਹਾ)

ਜਿਸੇ ਦੇਖਾ ਸੋ ਦੁਖੀ ਹਰਿ ਨਾਮ ਸੰਗ ਭਇਓ ਸਭ ਸੁਖੀ,
ਜਿਸ ਹਰਿ ਨਾਮ ਮਨ ਭਾਏ, ਸੋ ਜਨ ਮੁਕਤ ਪਾਏ ਹਰਿ ਰਾਇ॥ (ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਚਿੰਤਾ ਚਿੱਤ ਨਾ ਆਵੇ, ਜਾ ਸਤਿਗੁਰ ਮਨ ਭਾਵੇ॥
ਰਾਮ ਨਾਮ ਦੇਹੋ ਮੇਰੇ ਹਰਿ ਰਾਇ, ਊਚ ਅਪਾਰ ਠਾਕੁਰ ਦਾਤਾਰ ਜੀਓ॥
ਪਾਪ ਖੰਡਨ ਕਰੋ ਮੇਰੇ ਮਿਹਰਬਾਨਾ,
ਚਸਾ ਨਾ ਬਿਛੁੜੇ ਮੇਰੇ ਪ੍ਰਭ ਦਾਸ ਤੁਮਾਰਾ॥
ਸੁਣਾਂ ਪੜ੍ਹਾਂ ਨਿਤ ਤੇਰੀ ਬਾਣੀ, ਗੁਰ ਸੰਗ ਨਿਸ ਹਰਿ ਰੰਗ ਮਾਣੀ॥
ਬੈਕੁੰਠ ਬਸੈ ਮੇਰਾ ਅੰਤਰਯਾਮੀ, ਭੋਜਨ ਭੋਜ ਕਰੇ ਅੰਮ੍ਰਿਤ ਨਾਮ॥
ਗੁਰ ਕਿਰਪਾ ਹੋਸੀ ਅਗੰਮ ਗਿਆਨ, ਦਰਸ਼ਨ ਪ੍ਰਭ ਪੂਰੇ ਜਾਊਂ ਕੁਰਬਾਨ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਜਿਤ ਦੇਖੂੰ ਮੈਂ ਤੁਧ ਪਾਉਂ, ਮੇਰੋ ਦੋ ਨੈਨਣ ਕੋ ਆਸ,
ਮੋਹੇ ਨਾ ਭਾਵੇ ਤੁਧ ਬਿਨ ਕੋਏ, ਮਨ ਤੜਫੇ ਦਿਨ ਰਾਤ॥
ਜਨਮ ਜਨਮ ਕੇ ਪਿਆਸੇ ਨੈਨਾ, ਰਾਹ ਨਿਹਾਰੇ ਤੇਰੀ ਸਾਹਿਬਾ,
ਕਰੂੰ ਬਿਨਓ ਤੁਧ ਆਗੇ ਮੈਂ, ਥੱਕ ਹਾਰੀ ਮੈਂ ਪਰਵਰਦਿਗਾਰ॥
ਮਨ ਅੰਨ ਪਾਣੀ ਕਿਛ ਨਾਹੀ ਭਾਵੇ, ਬਿਨ ਦਰਸ਼ਨ ਮੋਹੇ ਚੈਨ ਨਾ ਆਵੇ,
ਦੇਓ ਦਰਸ ਮੇਰੇ ਰਾਮ ਰਘੁਰਾਈ, ਮੁਝ ਹੋਵੋ ਪ੍ਰਭ ਆਪ ਦਿਆਲ॥
ਮਨ ਤ੍ਰਿਪਤੇ ਆਤਮਾ ਜਾਗੇ, ਤੁਧ ਕਿਰਪਾ ਤੇ ਸਭ ਦੁੱਖ ਭਾਗੇ,
ਮੈਂ ਨਿਮਾਣੀ ਕੀ ਸੁਣਿਓ ਪੁਕਾਰ, ਦਰਸ਼ਨ ਦੀਜੋ ਕਰੋ ਨਦਰ ਨਿਹਾਲ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਜੋ ਜਨ ਕਰੇ ਸੇਵਨ ਮਦਿਰਾ ਮਾਸ, ਹੋ ਜਾਤਾ ਤਨ ਕਾ ਨਾਸ॥
ਜੀਤੇ ਜੀ ਅੰਦਰ ਦੇਹੀ ਹੋਵੇ ਭੂਤਨ ਕਾ ਵਾਸ॥
ਦੇਹੀ ਰੋਗੀ ਮਨ ਮੈਲਾ ਕਾਮ ਕ੍ਰੋਧ ਨਾਲ,
ਚਿਤ ਨਾ ਆਵੇ ਪ੍ਰਭ ਕਾ ਸਿਮਰਨ ਹਉਮੈ ਚਲੈ ਨਾਲ॥
ਵਿਸ਼ੇ ਵਿਕਾਰੋਂ ਮੇਂ ਮਨ ਡੂਬੈ ਆਤਮਾ ਰਹੇ ਕੁਰਲਾਤੀ,
ਕੋਈ ਨਾ ਸੂਝੇ ਰਾਸਤਾ ਨਸ਼ੇ ਕੀ ਲੱਤ ਐਸੀ॥
ਜੈਸਾ ਖਾਏ ਅੰਨ ਤੈਸੜਾ ਹੋਵੇ ਮਨ,
ਦਰਸ਼ਨ ਚਖ ਨਾਮ ਰਸ ਸਦਾ ਰਹੇ ਸੁਆਦ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤ੍ਰਿਸ਼ਨਾ ਮਿਟੇ ਮੇਰੇ ਮਨ ਤਨ ਕੀ ਐਸਾ ਦੀਜੈ ਗਿਆਨ,
ਮੁਝ ਮੇਂ ਗੁਣ ਨਾਹੀ ਕੋਇ ਤੁਮ ਹੋ ਗੁਣੀ ਨਿਧਾਨ॥
ਦੀਨ ਪੇ ਦਇਆ ਕਰੋ ਪ੍ਰਭ ਦਾਤੇ,
ਸਾਜਨ ਪ੍ਰੀਤਮ ਪੁਰਖ ਬਿਧਾਤੇ ਮੇਰੇ ਸਤਿਗੁਰ ਮਿਹਰਬਾਨ॥
ਤੁਧ ਬਿਨ ਦੂਜਾ ਨਾ ਮੋਹੇ ਕੋਇ,
ਨਾਮ ਸਿਮਰ ਮਨ ਸ਼ਾਂਤ ਹੋਇ ਮੇਰੀ ਬੇਨੰਤੀ ਕਰੋ ਪਰਵਾਨ॥
ਆਪੇ ਬਖਸ਼ੋ ਸੁਮੱਤ ਰਘੁਰਾਈ,
ਦਰਸ਼ਨ ਪ੍ਰੀਤ ਤੁਧ ਸੰਗ ਲਾਈ, ਮੋਹੇ ਬਖਸ਼ੋ ਅੰਮ੍ਰਿਤ ਨਾਮ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੁਝ ਬਿਨ ਜਿੰਦ ਜੁਦਾਈਆਂ ਸਹਿੰਦੀ,
ਤੁਝ ਬਿਨ ਜਿੰਦ ਜਗ ਮਾਹਿ ਨਾਹੀ ਰਹਿੰਦੀ॥
ਤੂੰ ਸੁਰਾਹੀ ਤੂੰ ਸਾਕੀ ਤੂੰ ਸਤਿਗੁਰ ਪੁਰਖ ਬਿਧਾਤਾ,
ਸਹਿਜ ਸਮਾਏ ਜਿੰਦ ਤੁਝ ਬਿਨ ਜੁਦਾਈਆਂ ਸਹਿੰਦੀ॥
ਆਖਾਂ ਤੁਧ ਨੂੰ ਦਿਓ ਦਾਨ ਨਾਮ ਆਪਣੇ ਚੇਰੇ,
ਹਮ ਗਰੀਬ ਦੁੱਖ ਘਨੇਰੇ ਤੂੰ ਠਾਕੁਰ ਪ੍ਰਿਤਪਾਲ ਹਮਾਰੇ॥
ਦਿਓ ਦਰਸ ਅਗੰਮ ਗੋਸਾਂਈ ਤੇਰੇ ਸਾਂਈ ਤੇਰੇ ਸਾਂਈ ਤੇਰੇ ਸਾਂਈ,
ਤੇਰੇ ਸਾਂਈ ਤੇਰੇ ਸਾਂਈ ਦਰਸ਼ਨ ਅਗੰਮ ਗੋਸਾਂਈ ਤੂੰ ਸਭਨੀ ਥਾਂਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੁਝ ਬਿਨ ਪ੍ਰੇਮ ਨਾ ਉਪਜੇ, ਮੇਰੇ ਪ੍ਰੀਤਮ ਸਤਿਗੁਰ ਸਾਂਈ॥
ਤੁਝ ਬਿਨ ਮਨ ਲੋਚਦਾ ਹਰਿ ਰਾਇ, ਤੁਝ ਬਿਨ ਨੀਂਦ ਨੈਨਣ ਨਾ ਆਏ॥
ਤੁਝ ਜੇ ਮਨ ਭਾਵੈ ਦਰਸ਼ਨ ਦਿਓ ਮੇਰੇ ਹਰਿ ਰਾਇ,
ਤੁਝੇ ਧਿਆਇਆ ਸਭਨੀ ਥਾਂਈ ਪਾਇਆ ਹਰਿ ਰਾਇ॥ (ਯਕੀਨ)

(ਦੋਹਾ)

ਤੁਝ ਬਿਨ ਮਨ ਲੋਚਦਾ ਹਰਿ ਰਾਇ, ਤੁਝ ਬਿਨ ਨੀਂਦ ਨੈਨਣ ਨਾ ਆਏ॥
ਮੇਰੇ ਮੀਤ ਸੁਨੇਂਦੜੇ ਰੰਗ ਰੰਗੀਲੇ ਹਰਿ ਰਾਇ,
ਬਿਨ ਤੁਝ ਮਰ ਜਾਈ, ਯਾ ਯਕੀਨ ਮੀਨਾ ਜਲ ਬਿਨ ਹਰਿ ਰਾਇ॥
(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੁਮ ਮੇਰੇ ਠਾਕੁਰ ਰਾਮ ਰਘੁਰਾਈ, ਤੁਧ ਬਿਨ ਨੈਨਣ ਨੀਂਦ ਨਾ ਆਈ,
ਮੋਰੇ ਰਾਮ ਰਘੁਰਾਈ॥
ਮਨ ਚੈਨ ਨਾ ਮੋਹੇ ਸੁੱਖ ਵਿਹਾਇਆ ਤੁਧ ਬਿਨ ਮੇਰੇ ਪ੍ਰੀਤਮ,
ਸਭ ਦਿਸਨ ਪਰਾਇਆ, ਮੋਹੇ ਰਾਮ ਰਘੁਰਾਈ॥
ਹੇ ਰਾਮਾ ਸਾਵਨ ਆਇਆ, ਮੋਰੇ ਅੰਗਨਾ ਰਿਮ ਝਿਮ ਲਾਇਆ,
ਸਭ ਸਖੀਆਂ ਮਾਨਣ ਰੰਗ ਰਲੀਆਂ, ਬਿਨ ਸਾਜਨ ਮੋਹੇ ਕਿਛ ਨਹੀਂ
ਭਾਇਆ, ਮੇਰੇ ਦਰਸ਼ਨ ਸਾਈਂ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਜਾਨੇ ਤੁਝ ਤਾਂਹੀ ਮਾਨੈ, ਤੁਝ ਬਿਨ ਮਨ ਨਾ ਮਾਨੈ॥
ਤੁਝ ਬਿਨ ਦੁੱਖ ਘਨੇਰੇ ਸਹਿਣੇ,
ਮੇਰੇ ਪ੍ਰੀਤਮ ਹਰ ਜੋਬਨ ਮੇਂ ਸੁੱਖ ਸਹਾਏ, ਸਤਿਗੁਰ ਠਾਕੁਰ ਹਰਿ ਰਾਇ॥
ਤੁਝ ਬਿਨ ਹਰਿ ਰਾਇ ਮਨ ਲੋਚਦਾ ਜਿਓਂ ਚਾਤ੍ਰਿਕ ਬੂੰਦ ਸਤਾਏ,
ਤੁਝ ਬਿਨ ਮਨ ਮਾਨੇ ਨਾਹੀ ਦਿਓ ਨਦਰ ਜੇ ਤੁਝ ਭਾਏ ਹਰਿ ਰਾਇ॥
ਤੁਝ ਬਿਨ ਨੈਨਣ ਨਾ ਨੀਂਦ ਆਏ, ਪ੍ਰੀਤਮ ਹਰਿ ਰਾਇ,
ਦੇਹੁ ਨਾਮ ਠਾਕੁਰ ਪਿਆਰੇ ਦਰਸ਼ਨ ਇਹ ਮੋਹੇ ਮਨ ਭਾਏ॥

ਕੂੜ ਭਇਓ ਸਗਲ ਸੰਸਾਰ,
ਕਲਿ ਮਾਹਿ ਬਿਨ ਨਾਮੇ ਨਾ ਉਤਰੇ ਪਾਰ ਹਰਿ ਰਾਇ॥

(ਯਕੀਨ)

(ਦੋਹਾ)

ਨਾਮ ਸਿਮਰ ਦੁਖ ਕੱਟੇ ਜਾਣ,
ਕਾਮਨ ਕੰਤ ਸੰਗ ਸੁਹਾਗਣ, ਦਰਸ਼ਨ ਪਿਰ ਬਿਨ ਮਰ ਜਾਣ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੂੰ ਮੇਰੇ ਠਾਕੁਰ ਠਾਕੁਰ ਗੋਸਾਂਈ, ਤੁਧ ਬਿਨ ਨੈਨਣ ਨੀਂਦ ਨਾ ਆਵੇ॥
ਨਿੱਤ ਦਿਨ ਯਾਦ ਕਰੇਸਾਂ ਮੇਰੇ ਸਾਹਿਬਾ, ਤੂੰ ਕਾਹੇ ਕੋ ਦੇਰ ਲਗਾਈ॥
ਚਾਰੇ ਰੁੱਤਾਂ ਬਾਰਾਂ ਮਾਹ, ਮੈਂ ਤੁਧ ਬਿਨ ਸਾਵਨ ਤ੍ਰਿਹਾਈ॥
ਏਕੋ ਆਸ ਮਨ ਲਗਾਸਾਂ, ਕਬ ਦਰਸ ਹੋਂਗੇ ਗੁਸਾਂਈ॥
ਮੈਂ ਕਾਮਨ ਕੰਤ ਪਿਆਸੀ, ਨਾ ਕੋ ਸੰਗ ਸਹਾਈ॥
ਏਕ ਘੜੀ ਮੋਹੇ ਚੈਨ ਨਾ ਆਸੀ, ਤੂੰ ਕਾਹੇ ਕੋ ਦੇਰ ਲਗਾਈ॥
ਮੈਂ ਕੋ ਦਰਦ ਬਿਰਹੋਂ ਹੋਸੀ, ਨਾ ਕੋ ਪ੍ਰੀਤ ਪਰਾਈ॥

ਨੈਨਣ ਉਡੀਕਾਂ ਹੱਡੀ ਰਚੀਆਂ, ਤੂੰ ਕਾਹੇ ਕੋ ਦੇਰ ਲਗਾਈ॥
ਮੈਂ ਕੋ ਤਾਂਘ ਵਧਦੀ ਜਾਸੀ, ਇੱਕ ਪਲ ਖੁਸ਼ੀ ਤਬ ਹੋਸੀ॥
ਦਰਸ਼ਨ ਦਿਆਲ ਭਇਓ ਮੇਰੇ ਸਾਹਿਬਾ, ਸਭਹਿ ਅਲਸ ਟੁੱਟ ਜਾਈ॥

(ਯਕੀਨ)

(ਦੋਹਾ)

ਫਿਰਤ ਫਿਰਤ ਦਰ ਦਰਵੱਜੇ, ਮਿਲਿਆ ਨਾ ਮਨ ਕੋ ਚੈਨ,
ਤੇਰੀ ਬਿਰਹੋਂ ਮਾਰਿਆ ਸਾਹਿਬਾ, ਬਿਨ ਤੇਰੇ ਮੇਰੀ ਕਿਵੇਂ ਬੀਤੇ ਰੈਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਤੇਰੇ ਤੋਲ ਤਰਾਜੀ ਤੋਂ ਲੈਕੇ ਸ਼ਪਥ ਤਲਵਾਰ ਦੀ ਨੋਕ ਤੱਕ,
ਤੇਜ ਧਾਰਾਂ ਆਰਿਆਂ ਦੀਆਂ, ਰੇਤਾਂ ਤੱਤੀਆਂ ਪਵਾਈਆਂ ਤੇਰੀ ਖਾਤਿਰ॥
ਤੇਰੀ ਸੋਚ ਦੇ ਸਦਕੇ, ਉਹਨਾਂ ਚੁੰਮੀਆਂ ਸੂਲੀਆਂ,
ਜਿਹਨਾਂ ਕਿੱਲ ਕੰਨਾਂ 'ਚ ਠੁਕਵਾਏ ਤੇਰੀ ਖਾਤਿਰ॥
ਤੇਰੇ ਆਸ਼ਿਕਾਂ ਦੇ ਇਸ਼ਕ ਅਵੱਲੇ ਨੇ,
ਜ਼ਹਿਰ ਪਿਆਲੇ ਪੀਤੇ ਤੇਰੇ ਇਸ਼ਕ ਦੀ ਖਾਤਿਰ॥
ਜਿਸ ਸਾਂਝ ਨੂੰ ਤੂੰ ਕਦੇ ਜਗਾਇਆ ਸੀ,
ਦਰਸ਼ਨ ਉਹ ਉਦੋਂ ਦੀ ਬੁਝੀ ਏ ਹੁਣ ਤੱਕ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਦਾੜ੍ਹੀਆਂ ਰੱਖਣ ਕੇਸ ਸਜਾਵਣ, ਜੋਰੀ ਮੰਗਣ ਦਾਨ ਚੜ੍ਹਾਵੇ ਖਾਵਣ॥
ਪੋਥੀਆਂ ਪੜ੍ਹ ਪੜ੍ਹ ਕਾਂ ਰੌਲਾ ਪਾਵਣ,
ਆਪ ਹਨੇਰੇ ਉੱਮਤ ਚਾਨਣ ਦਿਖਾਵਣ॥
ਪੜ੍ਹਨ ਨਮਾਜਾਂ ਮਸੀਤੇ ਜਾਵਣ, ਅੱਲਾ ਦੁਹਾਈ ਮੁਰਦੇ ਖਾਵਣ॥
ਤੀਰਥ ਨਹਾਵਣ ਉੱਠ ਮੰਦਰੀਂ ਜਾਵਣ, ਤਿਲਕ ਜੰਜੂ ਪਾਕੇ ਹੰਧੇ ਖਾਵਣ॥
ਕਹੇ ਦਰਸ਼ਨ ਸਭ ਭੇਖ ਪਾਖੰਡਾ, ਜਿਸ ਹਿਰਦੇ ਵਸੇ ਪਰਮਾਨੰਦਾ॥

(ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਦੀਜੋ ਦਰਸ ਮਾਹੇ ਮੇਰੇ ਠਾਕੁਰ ਜੀਓ, ਮੋਹੇ ਨੈਨਣ ਦਰਸ ਪਿਆਸ॥
ਨੀਂਦ ਨਾ ਆਵੇ ਨਾ ਮਨ ਚੈਨ ਮਾਹੇ,
ਤੁਧ ਕਿਰਪਾ ਧਾਰ ਕੰਤ ਪਿਆਰੇ, ਜੋਤੀ ਜੋਤ ਸਮਾਇ॥
ਤੁਧ ਸੇ ਬਿਛੁੜੇ ਮਰ ਜਾਸੀ, ਜੈਸੇ ਮੀਨਾ ਪਾਣੀ ਪਿਆਸਾ॥
ਏਕੋ ਆਸ ਦਰਸ਼ਨ ਜੀਵੇ, ਕਬ ਦਿਆਲ ਹੋਵੋਗੇ ਗੁਰਦੇਵ ਗਿਰਵਰਧਾਰੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨਦਰ ਕਰੋ ਮੇਰੇ ਪ੍ਰੀਤਮ ਪਿਆਰੇ, ਤੁਧ ਸੰਗ ਨੇਹਾ ਲਗਾਏ॥
ਤੜਫਸ ਤੜਫਸ ਰੈਣਾ ਬਿਤਾਇ, ਬਿਨ ਬਾਤੀ ਦੀਪ ਬੁਝ ਨਾ ਜਾਇ॥
ਹਮ ਨਿਰਗੁਣ ਕਿਛੁ ਨਾ ਜਾਨੋ ਪੈਜ ਰਾਖੋ ਮੇਰੇ ਸਿਰਜਨਹਾਰੇ॥
ਕਿਰਪਾ ਕਰੋ ਮੇਰੇ ਸਤਿਗੁਰ ਪਿਆਰੇ, ਦਰਸ਼ਨ ਤੋ ਸੇ ਬਲਿ ਬਲਿ ਜਾਇ॥

(ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਨਿੱਤ ਨਿਮਾਣੀ ਕਰੇ ਅਰਜੋਈ, ਕਬ ਦਰਸ ਹੋਂਗੇ ਠਾਕੁਰ ਰਾਇ॥
ਅਬ ਬੈਰਾਗਣ ਅਮੰਗਲ ਭਇਓ, ਬਿਰਹੋਂ ਤਾਂਘ ਹੋਸੀ ਸਵਾਇ॥
ਚੈਨ ਨਾ ਆਵੇ ਰੈਣ ਨਾ ਵਿਹਾਵੇ, ਮਨ ਮੋਹ ਨਿੱਤ ਸਤਾਏ॥
ਦਰਸ਼ਨ ਜਨ ਪ੍ਰਭ ਮਿਹਰ ਕਰੋ, ਗੁਰ ਸ਼ਬਦੀ ਲਿਵ ਲਾਏ॥ (ਯਕੀਨ)

(ਦੋਹਾ)

ਬਿਨ ਹਰਿ ਭਜਨ ਰੰਗ ਰਸ ਜੇਤੇ, ਸੰਤ ਦਇਆਲ ਯੇ ਨਹੀ ਸਭੀ ਝੂਠੇ,
ਨਾਮ ਰਤਨ ਪਾਇਓ ਜਨ ਨਾਨਕ, ਨਾਮ ਵਿਹੀਨ ਚਲੇ ਸਭ ਝੂਠੇ॥ (ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਪ੍ਰਭ ਜੀਓ ਮੋਹੇ ਨਾਮ ਦੀਜੋ, ਤੇਰੇ ਬੇਅੰਤ ਭਰੇ ਭੰਡਾਰ॥
ਕੋਟ ਅਪਰਾਧ ਹਮ ਕੀਨੋ, ਤੁਮ ਹੋ ਦਾਤਾ ਬਖਸ਼ਣਹਾਰ॥
ਉਚ ਅਪਾਰ ਤੇਰੀ ਮਹਿਮਾ, ਤੇਰੇ ਭਗਤ ਤੇਰੇ ਸਹਾਰੇ॥
ਹਮ ਪੇ ਦਇਆ ਦਾਨ ਕੀਜੋ, ਚਰਨ ਪ੍ਰੀਤ ਲਾਗੀ ਮੋਹੇ ਪਿਆਰੇ॥
ਤੁਮ ਪੇ ਆਸਾ ਤੁਮ ਪੇ ਓਟ, ਤੇਰੇ ਖੇਲ ਸਭ ਸੇ ਨਿਆਰੇ॥
ਦਰਸ਼ਨ ਕਹੇ ਕਰੋ ਕਰਮ ਗੁਸਾਂਈ, ਅਬ ਨਾਹੀਂ ਕੋਈ ਬਿਨਾ ਤੁਮਾਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਬਲਬਾਵਨ ਬਲਰਾਮ ਗੁਸਈਆਂ, ਰਾਖੋ ਪ੍ਰਭ ਲਾਜ ਹਮਾਰੀ॥
ਪ੍ਰੇਮ ਪ੍ਰੀਤ ਕੋ ਜਾਨੋ ਨਾਹੀ, ਨਾ ਮੋਹੇ ਦੀਦ ਤੁਮਾਰੀ॥
ਰੈਣ ਨਾ ਵਿਹਾਵੇ ਨਾ ਦਿਨਸ ਮੋਕੋ, ਤੁਧ ਬਿਨ ਤੜਫੇ ਰਾਮ ਦੁਲਾਰੀ॥
ਜਬ ਸੇ ਬਿਛੁੜੇ ਤਬ ਸੇ ਚੈਨ ਨਾਹੀ, ਦਰਸ਼ਨ ਨੈਣ ਪਿਆਸ ਤੁਮਾਰੀ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਭਾਈ ਰੇ ਕਾਹੇ ਰੇ ਮਨ ਡੋਲੇ, ਸਤਿਗੁਰ ਹਿਰਦੇ ਅਨਹਦ ਸ਼ਬਦ,

ਹਰਿ ਸਾਜਨੜਾ ਬੋਲੇ॥

ਬੇਅੰਤ ਸੁਆਮੀ ਪੁਰਖ ਹਮਾਰੇ, ਦਿਓ ਨਾਮ ਹਰਿ ਸਾਜਨ ਪਿਆਰੇ॥

ਮਨ ਚਿਤ ਆਵੇ ਤਾਂ ਬੇਅੰਤਾ, ਮੇਰਾ ਦਾਸ ਦਾਸਨ ਦਾਸ ਕਹੇਂਦਾ॥

ਸੱਚ ਸਹਿਜ ਹਰਿ ਸਾਜਨ ਹਮਾਰੇ, ਚਰਣ ਪੜੂੰ ਤੋਰੇ ਸਤਿਗੁਰ ਪਿਆਰੇ॥

ਦੇਓ ਦਰਸ ਮੇਰੇ ਰਾਮ ਦੁਲਾਰੇ, ਮੇਰੇ ਪ੍ਰੀਤਮ ਤੇਰੇ ਸਹਾਰੇ॥

ਹਮ ਨੀਚ ਨਿਚਲੇ ਆਸਨ, ਤੁਮ ਹੋ ਨਾਨਕ ਪ੍ਰਭ ਬਖਸ਼ੰਦਾ॥
ਦਿਓ ਸੰਤੋਖ ਨਾਮ ਪ੍ਰਭ ਆਪਣਾ, ਹਰਿ ਦਮ ਤੁਝੇ ਧਿਆਈ॥
ਮੁਕਤ ਭੁਗਤ ਤੈਹ ਜੁਗਤ, ਤੁਝ ਤੇ ਹੈ ਪਾਈ॥
ਸੁੱਖ ਸਹਿਜ ਤੇਰਾ ਨਾਮ ਧਿਆਊਂ, ਤੁਝ ਤੇ ਮੈਂ ਬਲਿ ਬਲਿ ਜਾਊਂ॥
ਸੁਣੋ ਬੇਨੰਤੀ ਰਾਮ ਰਾਜੇ ਦਰਸ਼ਨ ਦਰਸ ਦਿਓ ਸਤਿਗੁਰ ਪਿਆਰੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮਨ ਤੂੰ ਕਾਹੇ ਕਰੇ ਚਤੁਰਾਈ,
ਰਾਮ ਨਾਮ ਧਨ ਪਾਇਓ ਨਾਹੀ, ਬਿਰਥਾ ਉਮਰ ਗਵਾਈ॥
ਵਡਭਾਗੀ ਮਿਲੇ ਗੁਰ ਕੇ ਦਰਸ਼ਨ,
ਬਿਨ ਗੁਰ ਜੋਗੀ ਦਰ ਦਰ ਭਟਕਣ, ਗੁਰ ਬਿਨ ਗਿਆਨ ਨਾ ਭਾਈ॥
ਗੁਰ ਕੇ ਪਾਸ ਨਾਮ ਭੰਡਾਰ, ਨਾਮੈ ਪਾਇਓ ਮੁਕਤ ਦਵਾਰ,
ਹੋਂਗੇ ਦਰਸ ਗੋਸਾਂਈ॥
ਸਾਧ ਸੰਗਤ ਮਨ ਨਿਰਮਲ ਹੋਏ,
ਕੋਟ ਜਨਮ ਕੀ ਗੁਰੂ ਮੈਲ ਧੋਏ, ਦਰਸ਼ਨ ਛੂਟੈ ਜਮ ਕੀ ਫਾਹੀ॥ (ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮਨਮੁਖ ਉਪਜੇ ਪੰਚ ਵਿਕਾਰਾ, ਗੁਰਮੁਖ ਹਿਰਦੇ ਵਸੇ ਦਾਤਾਰਾ॥
ਮਨਮੁਖ ਦੋਖੀ ਦੂਖ ਕਮਾਵੈ, ਗੁਰਮੁਖ ਨਾਮ ਸ਼ਬਦ ਲਿਵ ਲਾਵੈ॥
ਮਨਮੁਖ ਮਨ ਨਾ ਆਵੇ ਸ਼ਾਂਤ, ਗੁਰਮੁਖ ਗੁਰ ਕਿਰਪਾ ਪਾਵੈ ਇਕਾਂਤ॥
ਮਨਮੁਖ ਹੋਸੀ ਪ੍ਰੀਤ ਪਰਾਈ, ਗੁਰਮੁਖ ਸੱਚ ਸੱਚਾ ਪ੍ਰੇਮ ਰਘੁਰਾਈ॥
ਜਨ ਦਰਸ਼ਨ ਦਾਸ ਬਣ ਐਸਾ, ਗੁਰਮੁਖ ਨਾਮੇ ਛੀਂਬੇ ਜੈਸਾ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮਨਮੁਖ ਮਨ ਹੋਵੇ ਪਰਧਾਨ, ਗੁਰਮੁਖ ਗੁਰ ਸ਼ਬਦ ਪਛਾਣ॥
ਮਨਮੁਖ ਮੋਹ ਮਮਤਾ ਹੰਕਾਰ, ਗੁਰਮੁਖ ਪਾਇਓ ਅੰਤਰ ਪਿਆਰ॥
ਮਨਮੁਖ ਲਾਗੇ ਮਾਇਆ ਧਿਆਨ, ਗੁਰਮੁਖ ਪਾਇਓ ਗੁਰ ਸੇਵਾ ਮਾਣ॥
ਮਨਮੁਖ ਬਹੁਬਿਧ ਕਰੇ ਚਤੁਰਾਈ, ਗੁਰਮੁਖ ਪਾਇਓ ਗੁਰ ਭਗਤ ਕਮਾਈ॥
ਗੁਰਮੁਖ ਸਦਾ ਰਹਿਓ ਤਾਣ, ਗੁਰਮੁਖ ਪੇ ਜਾਊਂ ਦਰਸ਼ਨ ਕੁਰਬਾਨ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮਨ ਮੇਂ ਪਿਆਸ ਨਿੱਤ ਸਤਾਵੇ, ਭੁੱਖ ਪਿਆਰ ਦੀ ਵਧਦੀ ਜਾਵੇ॥
ਨੈਨ ਮੇਰੇ ਨੀਰ ਨਾ ਵਿਹਾਵੇ, ਤੁਧ ਬਿਨ ਨੈਨਣ ਨੀਂਦ ਨਾ ਆਵੇ॥
ਨਾ ਮਨ ਮੱਨੇ ਨਾ ਅੱਖਾਂ ਸੌਣ, ਨਾ ਸੁਪਨੇ ਵਿੱਚ ਖਿਆਲ ਆਉਣ॥
ਦਰਸ਼ਨ ਜਨ ਫਿਰ ਵੀ ਤੁਮਹੇਂ ਨਾ ਭੁਲਾਵੇ,
ਤੁਧ ਬਿਨ ਨੈਨਣ ਨੀਂਦ ਨਾ ਆਵੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮਿੱਠਤ ਮੀਠੇ ਮਨਮੋਹਨ ਪਿਆਰੇ, ਤੜਪਦਾ ਮੋਰਾ ਜੀਆ॥
ਪਾਣੀ ਅੰਨ ਨਾ ਭਾਵੇ, ਮੋਹੇ ਦਿਨ ਰਾਤੀਂ, ਤੁਧ ਬਿਨ ਘੜੀ ਪਲ ਨਾ ਥੀਵੇ॥
ਨੈਨ ਨੀਦੜੇ ਪ੍ਰੀਤਮ ਬਾਝੋਂ, ਪ੍ਰੇਮ ਪ੍ਰੀਤ ਪੀਆ ਸਤਾਵੇ॥
ਏਕ ਬੂੰਦ ਜਿਵੇਂ ਚਾਤ੍ਰਿਕ ਮਾਂਗੇ, ਦਰਸ਼ਨ ਤੜਪ ਤੜਪ ਮਰ ਜਾਏ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮਿਲ ਮੇਰੇ ਠਾਕੁਰ ਰਾਮ ਰਘੁਰਾਈ, ਦਾਨ ਦੀਜੋ ਨਾਮ ਗੋਬਿੰਦ ਗੋਸਾਂਈ॥
ਮੋਹੇ ਨੈਨਣ ਨੀਂਦ ਨਾ ਆਵੇ, ਤੁਧ ਬਿਨ ਮੇਰੇ ਸਤਿਗੁਰ ਸਾਂਈ॥
ਏਕੋ ਨਾਮ ਸਿਮਰ ਤੁਮਾਰਾ, ਭਵਜਲ ਪਾਰ ਉਤਰਿਓ ਭਾਈ॥
ਸਾਧ ਸੰਗ ਦੀਜੋ ਮੋਹੇ ਸੁਆਮੀ, ਦਰਸ਼ਨ ਪ੍ਰਭ ਆਪਨੇ ਬਖਸ਼ੋ ਵਡਿਆਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰੇ ਪੀਆ ਵਸੇ ਪਰਦੇਸ ਸਖੀ, ਇੱਕ ਪਲ ਚੈਨ ਨਾ ਆਵੇ॥
ਕਰਮਹੀਨ ਵਿਛੁੜੀ ਕੰਤ ਕਰੇ ਬੇਨੰਤੀ, ਦਾਨ ਦਿਓ ਹਰਿ ਰਾਇ॥
ਮਨ ਨਾ ਭਾਵੇ ਤੁਧ ਬਿਨ ਪਾਣੀ ਅੰਨ, ਮੇਰੇ ਹਰਿ ਰਾਇ॥
ਤੁਧ ਬਿਨ ਨੈਨਣ ਨੀਂਦ ਨਾ ਆਵੇ, ਮੇਰੇ ਹਰਿ ਰਾਇ॥
ਕਾਮਣ ਕੰਤ ਸੰਗ ਸੁਹਾਗਣੀਆਂ, ਪਿਰ ਬਿਨ ਮਰ ਜਾਇ ਹਰਿ ਰਾਇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੇਰੇ ਮੀਤ ਪਤਿਤ ਪਾਵਨ ਸੁੱਖ ਸਾਗਰ ਜੀਓ,
ਦੇਓ ਨਾਮ ਪ੍ਰਭ ਕਿਰਪਾ ਅਪਨੀ ਧਾਰ ਜੀਓ॥
ਪਾਪ ਖੰਡਨ ਪ੍ਰੀਤਮ ਦਾਤੇ, ਰਾਖ ਲੇਓ ਠਾਕੁਰ ਸੁਆਮੀ ਰਾਖਨਹਾਰੇ॥
ਅੰਤ ਵੇਲੇ ਨਹੀਂ ਕੋਈ ਸੰਗ ਜਾਏ, ਦਰਸ਼ਨ ਜਨ ਨਾਮ ਬੈਕੁੰਠ ਸਮਾਏ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੈਂ ਸਿੰਬਲ ਦਾ ਰੁੱਖ ਵੇ ਸੱਜਣਾ, ਉੱਗ ਪਿਆ ਵਿਚ ਕੁਰਾਹੇ,
ਨਾ ਕੋ ਮੇਰੀ ਛਾਵੇਂ ਬੈਠੇ, ਨਾ ਕੋ ਫਲ ਫੁੱਲ ਖਾਵੇ॥
ਪੱਤ ਕੁਸੈਲੇ ਫੁੱਲ ਬਕੇਵੇਂ ਨਾ ਭੌਰਾ ਝੂਮਣ ਆਵੇ,
ਲੰਮ ਲਮੇਰੀਆਂ ਕੂਲੀਆਂ ਸ਼ਾਖਾਂ ਨਾ ਪੰਛੀ ਆਲ੍ਹਣਾ ਪਾਵੇ॥
ਉੱਚੀ ਸੰਘਣੀ ਭਰੀ ਜਵਾਨੀ ਨਾ ਚੰਮ ਕੰਮ ਕੋ ਆਵੇ,
ਬਿਰਹੋਂ ਦੀ ਅੱਗ ਘੁੱਟੀ ਬੈਠਾ ਨਾ ਛੱਤੀਂ ਬਾਲੇ ਕੋ ਪਾਵੇ॥
ਕਾਰ ਕਰੇ ਨਾ ਕੋ ਲੱਕੜਹਾਰਾ, ਨਾ ਬੇਦੀ ਡੋਲੀ ਸਜਾਵੇ,
ਭਾਗ ਭਰੇਸੀ ਕੋ ਭਾਗਾਂ ਵਾਲੀ, ਦਰਸ਼ਨ ਬਾਬੁਲ ਬਲਮਾ ਗਲ ਲਾਵੇ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੈਂ ਤਾਂ ਜਾਣਾ ਏਕੋ ਦਾਤਾ, ਜਿਸ ਇਹ ਉੱਮਤ ਸਜਾਈ॥
ਨਾ ਮੈਂ ਜਾਣਾ ਹਿੰਦੂ ਸਿੱਖ ਨਾ ਮੋਮਨ ਈਸਾਈ॥
ਜਾਤ ਪਾਤ ਤੇ ਮਜ਼ਹਬ ਕੌਮ ਇਹ ਹੈ ਸੋਚ ਪਰਾਈ॥
ਪੁੱਤਰ ਕਪੁੱਤਰ ਸਪੁੱਤਰ ਬਨਣ ਇਹ ਹੈ ਕਰਮ ਕਮਾਈ॥
ਮਨਮੁਖ ਤੇ ਮਨਮਤੀ ਕਰਣ ਬਹੁਤ ਚਤੁਰਾਈ॥
ਧਰਮ ਨੂੰ ਭੁੱਲ ਧਰਨੇ ਮਾਰਣ ਹੱਕਾਂ ਖਾਤਰ ਕਰਣ ਲੜਾਈ॥
ਕਹੇ ਦਰਸ਼ਨ ਰੱਬ ਨਾ ਵਿਸਾਰੋ ਜਿਸ ਇਹ ਸਾਂਝ ਜਗਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੈਂ ਨਿਮਾਣੀ ਕਰਮਹੀਨ, ਤੜਫਸ ਦਰਸ ਤੁਹਾਰੇ॥
ਮਨ ਚੈਨ ਨਾ ਸੁੱਖ ਨੈਨਣ ਨੀਂਦ, ਆਸ ਲਗਾਸਾਂ ਦਿਆਲ ਹੋਵੋ,
ਸੰਤ ਸਜਨ ਮੋਕੋ ਦੇਸਾ॥
ਜੋ ਤੁਧ ਭਾਵੈ ਮੇਰੇ ਗੋਬਿੰਦ ਗੋਸਾਈਂ, ਨੀਚੋਂ ਊਚ ਕਰੀਜੈ॥
ਸੁਣ ਅਰਦਾਸ ਮਿਰਗਾਵਲੀ, ਅਗਨੀ ਬਾਹਰ ਕਰੀਜੈ॥
ਨਾਨਕ ਨਦਰ ਕਰੋ ਜਨ ਆਪਨੇ, ਦਰਸ਼ਨ ਅਰਜੋਈ ਸੁਣ ਲੀਜੈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੈਂ ਨਿਮਾਣੀ ਕਰਾਂ ਅਰਜੋਈ, ਕਿਰਪਾ ਨਿਧਾਨ ਪ੍ਰਭ ਠਾਕੁਰ ਜੀਓ॥
ਤੁਝ ਬਿਨ ਨੈਨਣ ਨੀਂਦ ਨਾ ਆਵੇ, ਮੇਰੋ ਰਾਮ ਰਹੀਮ॥
ਕਰਤੇ ਕਰੀਮ ਪੁਰਖ ਬਿਧਾਤੇ ਪਿਰ ਬਿਨ ਕਿਵੇਂ ਜੀਣ॥
ਦਿਆਲ ਹੋਵੋ ਜਨ ਆਪਨੇ, ਸਾਧੂ ਸੰਗ ਦੀਜੈ॥
ਹਰੀ ਓਮ ਹਰੀ ਕਰ ਮਨ ਮੇਰੇ,
ਦਰਸ਼ਨ ਨੀਚ ਤੇਰਾ ਕੂਕਰ ਦਇਆ ਮਿਹਰ ਕਰੀਜੈ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੈਂ ਨਿਮਾਣੀ ਮਾਣ ਕਰੇਸਾਂ ਤੁਧ ਪੇ ਮੇਰੇ ਸਾਂਈ,
ਐਸੇ ਤੜਫਾਂ ਜੈਸੇ ਮੀਨਾ ਬਿਨ ਪਾਣੀ ਮਰ ਜਾਈ॥
ਮੇਰੇ ਸਾਹਿਬਾ ਵਾਂਗ ਮਿਰਗਾਵਲੀ ਤ੍ਰਿਹਾਈ,
ਤਾਕ ਪਰਾਈ ਤਾਤ ਬੇਗਾਨੀ ਦੋਨੋ ਮੇਂ ਸੁੱਖ ਨਾਹੀਂ॥
ਆਪਣਾ ਬੀਜੇ ਆਪਣਾ ਕਾਟੇ ਬਿਨ ਹਰਿ ਸਿਓ ਪ੍ਰੀਤ ਨਾ ਭਾਈ॥
ਸੁੱਖ ਸੰਘੇੜੇ ਹਰਿ ਸੰਗ ਆਪੇ ਕਿਸੇ ਵਿਰਲੇ ਜਾਤਾ ਭਾਈ॥

ਮੈਂ ਬਾਵਰੀ ਐਸੀ ਭਇਓ ਰੂਪ ਨਾ ਧਨ ਨਾਹੀਂ,
ਮੇਰਾ ਸਾਂਈ ਸੁੰਦਰ ਸੰਘੇੜਾ ਹਰਿ ਸਿਓ ਮਿਲਿਓ ਭਾਈ॥
ਦਰਸ਼ਨ ਪਿਆਸੀ ਚੇਤਨਾ ਨੈਨੀ ਨੀਰ ਬਹਾਈ,
ਹਿਰਦੇ ਵਸੋ ਮੇਰੇ ਸਾਹਿਬਾ ਅਰਜ ਸੁਣੋ ਮੇਰੇ ਸਾਂਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੈਂ ਮੂਰਖ ਕੀ ਗਤ ਨਹੀਂ ਕੋਈ, ਸਗਲ ਜਹਾਂ ਮੇਂ ਤੂੰ ਪੁਰਖ ਸੁਜਾਨਾ॥
ਤੁਧ ਸੰਗ ਨਿਰਮਲ ਹੋਵਾਂ ਹਉਂ ਪਾਪੀ ਕੋ ਨਾਹੀ ਠਿਕਾਣਾ॥
ਜਨਮ ਜਨਮ ਕੀ ਬਿਗੜੀ ਸੁਲਝੀ ਗੁਰ ਦੀਓ ਮੋਹੇ ਨਾਮ ਨਿਧਾਨਾ॥
ਨੀਚ ਕਮੀਨਾ ਹਉਂ ਦੁਰਾਚਾਰੀ, ਦਿਆਲ ਪੁਰਖ ਸਦ ਮਿਹਰਬਾਨਾ॥
ਦਰਸ਼ਨ ਭਾਗ ਭਏ ਵੱਡ ਤੇਰੇ, ਕੀਆ ਤੁਧ ਸੰਗ ਜੋ ਦਾਸ ਨਿਮਾਣੇ॥

(ਯਕੀਨ)

# ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਮੱਕੇ ਹੱਜ ਗੁਜਾਰਨ ਮੋਮਨ, ਮਨੋ ਅਭਿਮਾਨ ਨਾ ਜਾਈ॥
ਕਾਸ਼ੀ ਮਥੁਰਾ ਭਟਕਣ ਹਿੰਦੂ, ਕਰਨ ਜੁਬਾਨੀ ਚਤੁਰਾਈ॥
ਹਿਰਦੇ ਵਸੇ ਨਾ ਗੁਰੂ ਗੋਬਿੰਦ, ਫਿਰਨ ਧੌਣ ਅਕੜਾਈ॥
ਮੱਤ ਪਰਾਈ ਮਰਣ ਅਨਿਆਈ ਮੌਤੇ, ਸ਼ਹੀਦੀ ਆਖਣ ਪਾਈ॥
ਗੁਰੂ ਨਾ ਜਾਣੇ ਮਤਭੇਦ, ਸਿਖਾਵੇ ਨਾ ਮਨੁੱਖ ਲੜਾਈ॥
ਪ੍ਰੇਮ ਸ਼ਾਸ਼ਤਰ ਦੇਵਣ ਸਭਹਿ ਮਨਮੁਖ ਸੂਝ ਨਾ ਪਾਈ॥
ਦਰਸ਼ਨ ਦਾਸ ਰਹਿਮਤ ਮੰਗੇ, ਕਰੋ ਨਾਥ ਰਘੁਰਾਈ॥

(ਯਕੀਨ)

# ਧੰਨ ਨਾਨਕ
# ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਰੱਖਣ ਰੋਜੇ ਮਨਾਵਣ ਈਦਾਂ, ਲੁੱਟਣ ਨਿੱਤ ਖੁਦਾਈ॥
ਕਰਨ ਇਸ਼ਨਾਨ ਨਿੱਤ ਤੀਰਥੀਂ ਮਨੋ ਮੈਲ ਨਾ ਗਵਾਈ॥
ਮੂੰਹ ਦੇ ਮਿੱਠੇ ਦਿਲ ਦੇ ਖੋਟੇ ਬਣ ਬੈਠੇ ਰੱਬ ਦੇ ਇਸਾਈ॥
ਕੁੱਕੜਾਂ ਵਾਂਗੂੰ ਚੁੰਝਾਂ ਮਾਰਣ, ਪੰਜ ਕੱਕਿਆਂ ਲਾਜ ਲਾਈ॥
ਆਪਣੇ ਆਪ ਆਪੇ ਪਛਾਣੋ, ਭੁੱਲ ਜਾਓ ਸਾਰੀ ਲੜਾਈ॥
ਦਰਸ਼ਨ ਦਾਸ ਕਰੇ ਅਰਜੋਈ, ਕਰੋ ਦਇਆ ਗੋਸਾਂਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਰਾਜੇ ਰਾਜ ਕਮਾਂਵਦੇ ਜੁਲਮ ਕਰਨ ਦਿਨ ਰਾਤ॥
ਕੁੱਤਿਆਂ ਵਾਂਗੂੰ ਭੌਂਕਦੇ ਜਿਵੇਂ ਮੁਰਦਾ ਖਾਵਣ ਕਾਗ॥
ਮਾਇਆ ਜੱਫੀਆਂ ਪਾਂਵਦੇ, ਬਣ ਬੈਠੇ ਕਾਲੇ ਨਾਗ॥
ਦਰਗਾਹੇ ਢੋਈ ਨਾ ਮਿਲਸੀ, ਜਗਤ ਨਾ ਲਾਗੇ ਲਾਜ॥
ਮੰਦਰ ਖਾਧੇ ਬਾਹਮਣਾ, ਭਾਈਆਂ ਗੁਰੂਦੁਆਰ॥
ਗਿਰਜੇ ਲੁੱਟੇ ਪਾਦਰੀਆਂ, ਮਸੀਤਾਂ ਮੁਸਲਮਾਨ॥
ਦਰਸ਼ਨ ਲੇਖਾ ਮੰਗੇਸੀ, ਸਾਹਿਬ ਦੇ ਦਰਬਾਰ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਰਾਮ ਭਜ ਮਨ ਬਾਵਰੇ ਜੀਵਨ ਬੀਤਾ ਜਾਏ,
ਪਲ ਪਲ ਛਿੰਨ ਛਿੰਨ ਨਾਮ ਧਿਆਲੇ ਤੂੰ ਕਾਹੇ ਵਕਤ ਗਵਾਏ॥
ਬਚਪਨ ਬੀਤਾ ਆਈ ਜਵਾਨੀ, ਰੰਗ ਰਲੀਆਂ ਬਹੁ ਮਾਣੀ,
ਗਈ ਜਵਾਨੀ ਆਇਆ ਬੁਢਾਪਾ ਪਰ ਤ੍ਰਿਸ਼ਨਾ ਵਧਦੀ ਜਾਏ॥
ਮਨ ਤੇਰੇ ਆਗੇ ਤੂੰ ਮਨ ਕੇ ਪੀਛੇ, ਭੂਲ ਗਿਓ ਨਾਮ ਕਮਾਈ,
ਉਸਨੇ ਭੇਜਾ ਸ਼ੁਭ ਕਰਮ ਕਮਾਨੇ ਤੂੰ ਪਾਪ ਕਮਾਤਾ ਜਾਏ॥
ਇੱਕ ਦਿਨ ਉਡ ਜਾਣਾ ਹੈ ਪੰਛੀ ਤੋੜਕੇ ਸੁੰਦਰ ਪਿੰਜਰਾ,
ਲੁੱਟ ਜਾਏਗਾ ਸਭ ਕੁਛ ਤੇਰਾ, ਫਿਰ ਮਿਲੇਗਾ ਦਰਸ਼ਨ ਕਿਆ ਪਛਤਾਏ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਰਾਮਾ ਤੁਧ ਬਿਨ ਨਾ ਕੋ ਸਹਾਈ,
ਆਨ ਬਸੋ ਮਨ ਮਾਹੇ ਤੁਧ ਸੰਗ ਪ੍ਰੀਤ ਲਗਾਈ॥
ਹਮ ਪਾਪੀ ਹਮ ਨਿਚਲੇ ਆਸਨ, ਤੁਮ ਵੱਡੇ ਮੇਰੇ ਸਾਂਈ,
ਮਨ ਮੈਲਾ ਹੋ ਕਿੰਨ ਬਿਧ ਉਜਵਲ, ਐਸਾ ਗੁਰ ਦੋ ਸਾਂਈ॥
ਸੇਵ ਨਾ ਕੀਨੀ ਨਾਮ ਨਾ ਜਪਿਓ, ਬੇਮੁੱਲਾ ਉਮਰ ਗਵਾਈ,
ਐਸੀ ਰਾਹ ਦਰਸਾਵੋ ਸੁਆਮੀ, ਕੱਟ ਚੌਰਾਸੀ ਜਾਈ॥
ਦਰਸ ਪਿਆਸੀ ਚੇਤਨਾ ਦਰਸ਼ਨ ਦੇਖਣ ਤਾਂਈ,
ਕਿਰਪਾ ਕੀਜੈ ਦੀਜੈ ਦਰਸ਼ਨ ਮਨ ਤ੍ਰਿਪਤ ਹੋ ਜਾਈ॥

(ਯਕੀਨ)

## ਧੰਨ ਨਾਨਕ
## ਯਸ਼ਵੰਤੀ ਨਿਰਾਧਾਰ ਧਾਮ ਪਹਿਲਾ

ਲੋਗਨ ਕੀ ਹੈ ਬਾਤ ਨਿਰਾਲੀ, ਜਬ ਕਾਮ ਪਰੇ ਮੂੰਹ ਭੰਵਾਲੀ॥
ਸੋਚ ਸਮਝ ਕਰ ਬਿਚਾਰ, ਗੁਰ ਬਿਨ ਨਾਹੀ ਪਾਰ ਉਤਾਰ॥
ਭਲੀ ਚੰਗੀ ਦੁਨੀਆ ਮੇਂ, ਅੰਤਿਮ ਰਾਮ ਸਹਾਈ॥

(ਯਕੀਨ)

ਸੰਗ੍ਰਿਹ ਕਰਤਾ ਤੇ ਪ੍ਰਕਾਸ਼ਕ

**ਸੱਚਖੰਡ ਨਾਨਕ ਧਾਮ (ਰਜਿ.)**

ਦਰਬਾਰ ਮਹਾਰਾਜ ਦਰਸ਼ਨ ਦਾਸ ਜੀ,

ਬਟਾਲਾ ਅਤੇ ਲੋਨੀ ਦਰਬਾਰ

ਰਜਿ. ਨੰ. S-18257